| ਇਸ਼ਤਿਹਾਰ ਨੰ. |
|---|
| 01/2025 |

**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ**

https://sssb.punjab.gov.in

(0172-2298000 (Ex. 5106 and 5107), 0172-2298083)


| ਲੜੀ ਨੰ: | ਵੇਰਵਾ | ਪੰਨਾ ਨੰ: |
|---|---|---|
| 1. | ਮਹੱਤਵਪੂਰਨ ਮਿਤੀਆਂ | 1 |
| 2. | ਜਾਣ-ਪਹਿਚਾਣ | 1 |
| 3. | ਅਸਾਮੀਆਂ ਦਾ ਕੈਟਾਗਰੀ-ਵਾਈਜ਼ ਵਰਗੀਕਰਨ | 1 |
| 4. | ਰਾਖਵਾਂਕਰਨ ਸਬੰਧੀ ਮਹੱਤਵਪੂਰਨ ਹਦਾਇਤਾਂ | 4 |
| 5. | ਵਿੱਦਿਅਕ ਯੋਗਤਾ | 5 |
| 6. | ਤਨਖਾਹ ਸਕੇਲ | 7 |
| 7. | ਉਮਰ ਸੀਮਾ | 7 |
| 8. | ਫੀਸ ਸਬੰਧੀ ਵੇਰਵਾ | 8 |
| 9. | ਚੋਣ ਵਿਧੀ/ਪ੍ਰੀਖਿਆ ਸਬੰਧੀ ਜਾਣਕਾਰੀ | 8 |
| 10. | ਅਪਲਾਈ ਕਰਨ ਦੀ ਵਿਧੀ | 9 |
| 11. | ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ | 11 |
| 12. | ਬਿਨੈਕਾਰ ਦੇ ਧਿਆਨ ਹਿੱਤ ਜਰੂਰੀ ਹਦਾਇਤਾਂ | 11 |
| 13. | (Annexure-1)<br>ਲਿਖਤੀ ਪ੍ਰੀਖਿਆ ਦਾ ਪੈਟਰਨ ਅਤੇ ਸਿਲੇਬਸ (ਨਾਇਬ ਤਹਿਸੀਲਦਾਰ) | 15 |
| 14. | (Annexure-2)<br>ਲਿਖਤੀ ਪ੍ਰੀਖਿਆ ਦਾ ਪੈਟਰਨ ਅਤੇ ਸਿਲੇਬਸ (ਨਿਰੀਖਕ ਪੜਤਾਲ) | 17 |

| ਇਸ਼ਤਿਹਾਰ ਨੰ. |
|---|
| 01/2025 |

**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ**

https://sssb.punjab.gov.in

## ਜਨਤਕ ਨਿਯੁਕਤੀਆਂ

**ਮਹੱਤਵਪੂਰਨ ਮਿਤੀਆਂ:-**

**ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ : 27/06/2025**
**ਆਨਲਾਈਨ ਅਰਜੀਆਂ ਸਬਮਿਟ/ਅਪਲਾਈ ਕਰਨ ਦੀ ਸ਼ੁਰੂਆਤੀ ਮਿਤੀ : 01/07/2025**
**ਆਨਲਾਈਨ ਅਰਜੀਆਂ ਸਬਮਿਟ/ਅਪਲਾਈ ਕਰਨ ਦੀ ਆਖਰੀ ਮਿਤੀ : 21/07/2025 (05-00 pm ਤੱਕ)**
**ਫੀਸ ਭਰਨ ਦੀ ਆਖਰੀ ਮਿਤੀ : 24/07/2025**

## ਜਾਣ-ਪਹਿਚਾਣ

ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਸਥਾਪਨਾ ਭਾਰਤੀ ਸੰਵਿਧਾਨ ਦੀ ਧਾਰਾ 309 ਤਹਿਤ ਕੀਤੀ ਗਈ ਹੈ, ਜਿਸਦਾ ਮੁੱਖ ਮੰਤਵ ਪੰਜਾਬ ਸਰਕਾਰ ਦੇ ਅਦਾਰਿਆਂ ਵੱਲੋਂ ਪ੍ਰਾਪਤ ਹੋਏ ਮੰਗ ਪੱਤਰਾਂ ਅਨੁਸਾਰ ਪੰਜਾਬ ਸਰਕਾਰ ਦੇ ਅਦਾਰਿਆਂ ਵਿੱਚ ਗਰੁੱਪ-ਬੀ, ਸੀ ਤੇ ਡੀ ਸੇਵਾਵਾਂ ਦੇ ਅਮਲੇ ਦੀ ਭਰਤੀ ਕਰਨਾ ਹੈ।

ਵੱਖ-ਵੱਖ ਵਿਭਾਗਾਂ ਤੋਂ ਪ੍ਰਾਪਤ ਮੰਗ ਪੱਤਰ ਅਤੇ ਅਸਾਮੀਆਂ ਦੇ ਵਰਗੀਕਰਨ ਅਨੁਸਾਰ ਹੇਠ ਲਿਖੀਆਂ ਅਸਾਮੀਆਂ ਦੀ ਭਰਤੀ ਲਈ ਬੋਰਡ ਦੀ ਵੈਬਸਾਈਟ ***https://sssb.punjab.gov.in*** ਤੇ ਯੋਗ ਉਮੀਦਵਾਰਾਂ ਤੋਂ ਮਿਤੀ **01/07/2025 ਤੋਂ 21/07/2025 ਸ਼ਾਮ 05-00 ਵਜੇ** ਤੱਕ ਆਨਲਾਈਨ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ:

| **ਲੜੀ ਨੰ:** | **ਵਿਭਾਗ ਦਾ ਨਾਮ** | **ਅਸਾਮੀ ਦਾ ਨਾਮ** | **ਅਸਾਮੀਆਂ ਦੀ ਗਿਣਤੀ** | **ਵਿਸ਼ੇਸ ਕਥਨ** |
|---|---|---|---|---|
| 1. | ਮਾਲ, ਪੁਨਰਵਾਸ ਅਤੇ ਆਫਤ ਪ੍ਰਬੰਧਨ ਵਿਭਾਗ, ਪੰਜਾਬ | ਨਾਇਬ ਤਹਿਸੀਲਦਾਰ (Naib Tehsildar) | 13 | ਗਰੁੱਪ–ਬੀ, ਦਫਤਰ– ਖੇਤਰੀ, ਨਾਨ ਤਕਨੀਕੀ, |
| 2. | ਚੀਫ ਆਡੀਟਰ ਸਹਿਕਾਰੀ ਸਭਾਵਾਂ, ਪੰਜਾਬ (ਸਹਿਕਾਰਤਾ ਵਿਭਾਗ ਅਧੀਨ) | ਆਡਿਟ ਅਫਸਰ (Audit Officer) | 03 | ਗਰੁੱਪ–ਬੀ ਦਫਤਰ– ਖੇਤਰੀ, ਤਕਨੀਕੀ, |
| | | ਨਿਰੀਖਕ ਪੜਤਾਲ (Inspector Audit) | 135 | ਗਰੁੱਪ–ਬੀ ਦਫਤਰ– ਖੇਤਰੀ, ਤਕਨੀਕੀ, |

## ਵਿਸਥਾਰਪੂਰਵਕ ਸੂਚਨਾ

1. **ਅਸਾਮੀਆਂ ਦਾ ਸ਼੍ਰੇਣੀ ਵਾਈਜ ਵਰਗੀਕਰਨ ਹੇਠ ਲਿਖੇ ਅਨੁਸਾਰ ਹੈ:-**

| **ਲੜੀ ਨੰ:** | **ਸ਼੍ਰੇਣੀ ਦਾ ਨਾਮ** | **ਅਸਾਮੀਆਂ ਦੀ ਗਿਣਤੀ** | **ਕਾਲਮ (c) ਵਿੱਚ ਦਰਸਾਈਆਂ ਅਸਾਮੀਆਂ ਵਿੱਚ ਇਸਤਰੀਆਂ ਲਈ ਰਾਖਵੀਆਂ ਅਸਾਮੀਆਂ ਦੀ ਗਿਣਤੀ** |
|---|---|---|---|
| **(a)** | **(b)** | **(c)** | **(d)** |
| **ਅਸਾਮੀ ਦਾ ਨਾਮ - ਨਾਇਬ ਤਹਿਸੀਲਦਾਰ** | | | |

| | | | |
|---|---|---|---|
| ਕੁੱਲ ਅਸਾਮੀਆਂ - **13 (Backlog)** | | | |
| 1. | Exservicemen (GENERAL) | 04(Backlog) | 02 |
| 2. | Exservicemen (SC-M&B) | 02(Backlog) | -- |
| 3. | Exservicemen (SC-R&O) | 01(Backlog) | -- |
| 4. | Exservicemen (BC) | 02(Backlog) | -- |
| 5. | SPORTS (GENERAL) | 01(Backlog) | 01 |
| 6. | SPORTS (SC-M&B) | 01(Backlog) | -- |
| 7. | PHYSICALLY HANDICAPED (VISUALLY IMPAIRED) | 01(Backlog) | -- |
| 8. | PHYSICALLY HANDICAPED (HEARING IMPAIRED) | 01(Backlog) | -- |
| | Total | 13 | 03 |
| **ਅਸਾਮੀ ਦਾ ਨਾਮ - ਆਡਿਟ ਅਫਸਰ**<br>**ਕੁੱਲ ਅਸਾਮੀਆਂ - 03** | | | |
| 1. | GENERAL | 01 | -- |
| 2. | Exservicemen (GENERAL) | 01 (Backlog) | -- |
| 3. | PHYSICALLY HANDICAPED (VISUALLY IMPAIRED) | 01 | -- |
| | Total | 03 | -- |
| **ਅਸਾਮੀ ਦਾ ਨਾਮ - ਨਿਰੀਖਕ ਪੜਤਾਲ**<br>**ਕੁੱਲ ਅਸਾਮੀਆਂ - 135** | | | |
| 1. | GENERAL | 27 | 7 |
| 2. | SC(M&B) | 7 | 3 |
| 3. | SC(R&O) | 7 | 2 |
| 4. | BC | 6 | 2 |
| 5. | EX SERVICEMEN GENERAL | 22 (18 Backlog) | 4 |
| 6. | EX SERVICEMEN SC(M&B) | 4 (2 Backlog) | 0 |
| 7. | EX SERVICEMEN SC (R&O) | 3 (2 Backlog) | 0 |
| 8. | EX SERVICEMEN BC | 8 (6 Backlog) | 0 |
| 9. | SPORTS GENERAL | 20 (18 Backlog) | 1 |
| 10. | SPORTS SC (M&B) | 5(5 Backlog) | 0 |
| 11. | SPORTS SC (R&O) | 4(4 Backlog) | 0 |
| 12. | PHYSICALLY HANDICAPPED VISUALLY IMPAIRED | 4(3 Backlog) | 1 |
| 13. | PHYSICALLY HANDICAPPED HEARING IMPAIRED | 4(3 Backlog) | 0 |
| 14. | PHYSICALLY HANDICAPPED ORTHO | 1(1 Backlog) | 0 |
| 15. | FREEDOM FIGHTER | 6(6 Backlog) | 0 |

Telegram - Daily Job Alert Punjab

| | | | |
|---|---|---|---|
| 16. | ECONOMICALLY WEAKER SECTION | 7 | 2 |
| | Total | 135 (68 Backlog) | 22 |

ਨੋਟ:

(i) ਉਕਤ ਅਸਾਮੀਆਂ ਦਾ ਕੈਟਾਗਰੀ ਵਾਈਜ਼ ਵਰਗੀਕਰਨ ਸਬੰਧਤ ਵਿਭਾਗ ਤੋਂ ਪ੍ਰਾਪਤ ਹੋਏ ਮੰਗ ਪੱਤਰ ਅਨੁਸਾਰ ਹੈ, ਜੋ ਕਿ ਭਵਿੱਖ ਵਿੱਚ ਸਬੰਧਤ ਵਿਭਾਗ/ਸਰਕਾਰ ਤੋਂ ਪ੍ਰਾਪਤ ਸੂਚਨਾ/ਫੈਸਲੇ ਦੇ ਸਨਮੁੱਖ ਤਬਦੀਲ ਵੀ ਕੀਤਾ ਜਾ ਸਕਦਾ ਹੈ।

(ii) ਭਵਿੱਖ ਵਿੱਚ ਸਬੰਧਤ ਵਿਭਾਗ/ਸਰਕਾਰ ਤੋਂ ਪ੍ਰਾਪਤ ਸੂਚਨਾ/ਫੈਸਲੇ ਦੇ ਸਨਮੁੱਖ ਇਹ ਅਸਾਮੀਆਂ ਘਟਾਈਆਂ/ਵਧਾਈਆਂ ਜਾਂ ਰੱਦ ਵੀ ਕੀਤੀਆਂ ਜਾ ਸਕਦੀਆਂ ਹਨ।

(iii) ਸ਼੍ਰੇਣੀ ਕੋਡ (Category Codes): ਉਮੀਦਵਾਰ ਵੱਲੋਂ ਆਨਲਾਈਨ ਅਪਲਾਈ ਕਰਨ ਸਮੇਂ ਸ਼੍ਰੇਣੀ ਅਤੇ ਸ਼੍ਰੇਣੀ ਕੋਡ ਨੂੰ ਧਿਆਨ ਵਿੱਚ ਰੱਖਦੇ ਹੋਏ ਅਪਲਾਈ ਕੀਤਾ ਜਾਵੇ। ਇਨ੍ਹਾਂ ਅਸਾਮੀਆਂ ਦੇ ਸ਼੍ਰੇਣੀ ਕੋਡ ਹੇਠ ਲਿਖੇ ਅਨੁਸਾਰ ਹਨ:

| **ਲੜੀ ਨੰ:** | **ਸ਼੍ਰੇਣੀ (Category) ਦਾ ਨਾਮ** | **ਕੋਡ (Code)** |
|---|---|---|
| 1. | GENERAL | 101 |
| 2. | EWS (GEN) | 102 |
| 3. | SC(M&B) | 103 |
| 4. | SC(R&O) | 104 |
| 5. | BC | 105 |
| 6. | EX-SERVICEMEN GEN (Self) | 106 |
| 7. | EX-SERVICEMEN GEN (Dependent) | 107 |
| 8. | EX-SERVICEMEN SC (M&B) (Self) | 108 |
| 9. | EX-SERVICEMEN SC (M&B) (Dependent) | 109 |
| 10. | EX-SERVICEMEN SC (R&O) (Self) | 110 |
| 11. | EX-SERVICEMEN SC (R&O) (Dependent) | 111 |
| 12. | EX-SERVICEMEN BC (Self) | 112 |
| 13. | EX-SERVICEMEN BC (Dependent) | 113 |
| 14. | SPORTS (GENERAL) | 114 |
| 15. | SPORTS (SC-M&B) | 115 |
| 16. | SPORTS (SC-R&O) | 116 |
| 17. | PHYSICALLY HANDICAPED (ORTHO) | 117 |
| 18. | PHYSICALLY HANDICAPED (VISUALLY IMPAIRED) | 118 |
| 19. | PHYSICALLY HANDICAPED (HEARING IMPAIRED) | 119 |

Telegram - Daily Job Alert Punjab

| | | |
|---|---|---|
| 20. | FREEDOM FIGHTER | 121 |

**2. ਰਾਖਵਾਂਕਰਨ/Reservation ਸਬੰਧੀ ਮਹੱਤਵਪੂਰਨ ਹਦਾਇਤਾਂ :**

(i) ਉਮੀਦਵਾਰ ਸ਼੍ਰੇਣੀ ਅਤੇ ਇਸਦੇ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਸੁਚੇਤ ਹੋ ਕੇ ਭਰਨ ਕਿਉਂਕਿ ਕਿਸੇ ਵੀ ਸਟੇਜ ਤੇ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਤਬਦੀਲ ਨਹੀਂ ਕੀਤਾ ਜਾਵੇਗਾ।

(ii) ਉਮੀਦਵਾਰ ਕਿਸੇ ਵੀ ਅਜਿਹੀ ਸ਼੍ਰੇਣੀ ਵਿਰੁੱਧ ਅਪਲਾਈ ਨਾ ਕਰਨ ਜਿਸ ਦੀ ਅਸਾਮੀ ਉਪਰ ਦਰਸਾਈ ਸਾਰਣੀ ਵਿੱਚ ਦਰਜ ਨਹੀਂ ਹੈ। ਜੇਕਰ ਕੋਈ ਉਮੀਦਵਾਰ ਉਕਤ ਅਸਾਮੀਆਂ ਲਈ ਅਜਿਹੀ ਸ਼੍ਰੇਣੀ/ਸ਼੍ਰੇਣੀ ਕੋਡ ਦੇ ਵਿਰੁੱਧ ਅਪਲਾਈ ਕਰਦਾ ਹੈ, ਜਿਸਦੀ ਕੋਈ ਅਸਾਮੀ ਇਸ਼ਤਿਹਾਰ ਵਿੱਚ ਸ਼ਾਮਿਲ ਨਾ ਕੀਤੀ ਹੋਵੇ, ਉਸ ਸਥਿਤੀ ਵਿੱਚ ਅਜਿਹੇ ਪ੍ਰਾਰਥੀ ਦੀ ਪਾਤਰਤਾ ਮੁੱਢ ਤੋਂ ਹੀ ਰੱਦ ਮੰਨੀ ਜਾਵੇਗੀ।

(iii) ਰਾਖਵਾਂਕਰਨ ਦਾ ਲਾਭ ਕੇਵਲ ਪੰਜਾਬ ਦੇ ਵਸਨੀਕਾਂ ਨੂੰ ਹੀ ਮਿਲਣਯੋਗ ਹੋਵੇਗਾ, ਇਸ ਲਈ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਭਰਨ ਸਮੇਂ ਉਮੀਦਵਾਰ ਇਸ ਗੱਲ ਦਾ ਧਿਆਨ ਰੱਖਣ। ਉਮੀਦਵਾਰ ਵੱਲੋਂ ਆਨਲਾਈਨ ਭਰੇ ਗਏ ਫਾਰਮ ਵਿੱਚ ਦਰਜ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਦੇ ਆਧਾਰ ਤੇ ਹੀ ਉਸਦੀ ਪਾਤਰਤਾ ਨੂੰ ਵਿਚਾਰਿਆ ਜਾਵੇਗਾ।

(iv) ਰਾਖਵਾਂਕਰਨ ਦਾ ਲਾਭ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣ ਦਾ ਤਾਜ਼ਾ ਜਾਰੀ ਹੋਇਆ ਸਰਟੀਫਿਕੇਟ (Domicile/Residence Certificate) ਪੇਸ਼ ਕਰੇਗਾ। ਇਹ ਸਰਟੀਫਿਕੇਟ ਹਰ ਸ਼੍ਰੇਣੀ ਦੇ ਉਮੀਦਵਾਰ (ਪੁਰਸ਼/ਇਸਤਰੀ) ਵੱਲੋਂ ਪੇਸ਼ ਕਰਨਾ ਲਾਜ਼ਮੀ ਹੈ। ਇਹ ਸਰਟੀਫਿਕੇਟ ਕੌਂਸਲਿੰਗ ਦੌਰਾਨ ਪੇਸ਼ ਕਰਨ ਸਮੇਂ ਕਿਸੇ ਵੀ ਸਥਿਤੀ ਵਿੱਚ 5 ਸਾਲ ਤੋਂ ਪੁਰਾਣਾ ਨਹੀਂ ਹੋਣਾ ਚਾਹੀਦਾ।

(v) ਅਨੁਸੂਚਿਤ ਜਾਤੀ/ਪੱਛੜੀ ਸ਼੍ਰੇਣੀ/ਸਾਬਕਾ ਫੌਜੀ/ਅੰਗਹੀਣ/ਖਿਡਾਰੀ/ਆਰਥਿਕ ਤੌਰ ਤੇ ਕਮਜ਼ੋਰ ਵਰਗ ਦਾ ਸਰਟੀਫਿਕੇਟ ਪੰਜਾਬ ਸਰਕਾਰ ਦੀਆਂ ਪ੍ਰਚੱਲਿਤ ਹਦਾਇਤਾਂ ਅਨੁਸਾਰ ਹੋਣਾ ਲਾਜ਼ਮੀ ਹੈ।

(vi) ਉਮੀਦਵਾਰ ਕਾਉਂਸਲਿੰਗ ਸਮੇਂ ਅਤੇ ਹੋਰ ਕਿਸੇ ਵੀ ਸਟੇਜ ਤੇ ਬੋਰਡ ਦੀ ਮੰਗ ਅਨੁਸਾਰ ਆਪਣੀ ਸ਼੍ਰੇਣੀ ਨਾਲ ਸਬੰਧਤ ਹਰ ਤਰ੍ਹਾਂ ਦਾ ਪੁਖਤਾ (Valid) ਸਰਟੀਫਿਕੇਟ ਸਬੂਤ ਵੱਜੋਂ ਪੇਸ਼ ਕਰੇਗਾ। ਕਾਉਂਸਲਿੰਗ ਸਮੇਂ ਕਿਸੇ ਵੀ ਲੋੜੀਂਦੇ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਉਪਰੋਕਤ ਅਸਾਮੀਆਂ ਲਈ ਨਹੀਂ ਵਿਚਾਰਿਆ ਜਾਵੇਗਾ ਅਤੇ ਮੈਰਿਟ ਲਿਸਟ ਵਿੱਚ ਮੌਜੂਦ ਅਗਲੇ ਯੋਗ ਉਮੀਦਵਾਰ ਨੂੰ ਵਿਚਾਰਦੇ ਹੋਏ ਉਸਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕਰ ਦਿੱਤਾ ਜਾਵੇਗਾ।

**ਨੋਟ:-** (i) ESM ਦੀ ਅਸਾਮੀ ESM(Self) ਉਮੀਦਵਾਰਾਂ ਵਿੱਚੋਂ ਹੀ ਭਰੀ ਜਾਏਗੀ। ESM(Self) ਉਮੀਦਵਾਰ ਉਪਲਬਧ ਨਾ ਹੋਣ ਦੀ ਸਥਿਤੀ ਵਿੱਚ ਹੀ ਇਹ ਅਸਾਮੀ ESM(Dependent) ਉਮੀਦਵਾਰਾਂ ਵਿੱਚੋਂ ਭਰੀ ਜਾਏਗੀ।

(ii) ਪੰਜਾਬ ਸਰਕਾਰ, ਰੱਖਿਆ ਸੇਵਾਵਾਂ ਭਲਾਈ ਵਿਭਾਗ ਦੇ ਨੋਟੀਫਿਕੇਸ਼ਨ ਮਿਤੀ 08.05.2020 ਮੁਤਾਬਿਕ ਜੇਕਰ ਕਿਸੇ ਅਸਾਮੀ ਵਿਰੁੱਧ ਸਾਬਕਾ ਫੌਜੀ ਖੁਦ ਜਾਂ ਸਾਬਕਾ ਫੌਜੀ ਆਸ਼ਰਿਤ ਉਮੀਦਵਾਰ ਉਪਲੱਬਧ ਨਹੀਂ ਹੁੰਦਾ ਤਾਂ ਇਹ ਅਸਾਮੀ ਹੇਠ ਲਿਖੇ ਨਿਯਮ ਅਨੁਸਾਰ ਭਰੀ ਜਾਣੀ ਹੈ:-

In the Punjab Recruitment of Ex-Servicemen Rules, 1982, in rule 4, in sub-rule (1), for the existing third proviso, the following proviso shall be substituted, namely:-

*"Provided further that when an ex-serviceman is not available for the recruitment against a reserved vacancy and further no wife or dependent child of an Ex-serviceman is available for recruitment against a reserved vacancy, such a vacancy shall be reserved to be filled in by recruitment of the grand child of a Gallantry Award Winner, in case the benefit of reservation has not been availed*

Telegram - Daily Job Alert Punjab

*for by any of the children or dependents of such winner or by the winner himself subject to the conditions specified in the second proviso."*

(iii) ਉਪਰੋਕਤ ਰਾਖਵਾਂਕਰਨ ਅਤੇ ਸ਼੍ਰੇਣੀ-ਵਾਈਜ਼ ਵਰਗੀਕਰਨ ਸਬੰਧਤ ਵਿਭਾਗ ਵੱਲੋਂ ਪ੍ਰਾਪਤ ਹੋਏ ਮੰਗ-ਪੱਤਰਾਂ ਵਿੱਚ ਦਰਸਾਏ ਵਰਗੀਕਰਨ ਅਨੁਸਾਰ ਹੀ ਹੈ। ਜੇਕਰ ਸਬੰਧਤ ਵਿਭਾਗ ਵੱਲੋਂ ਭਵਿੱਖ ਵਿੱਚ ਭਰਤੀ ਪ੍ਰਕਿਰਿਆ ਦੀ ਕਿਸੇ ਵੀ ਸਟੇਜ ਤੇ ਕਿਸੇ ਵੀ ਕਾਰਨ ਉਪਰੋਕਤ ਦਰਸਾਈਆਂ ਅਸਾਮੀਆਂ ਦੀ ਗਿਣਤੀ ਘਟਾਉਣ ਜਾਂ ਵਧਾਉਣ ਦਾ ਫੈਸਲਾ ਲਿਆ ਜਾਂਦਾ ਹੈ ਜਾਂ ਉਪਰੋਕਤ ਦਰਸਾਏ ਸ਼੍ਰੇਣੀਆਂ ਦੇ ਵਰਗੀਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ਸੋਧ ਕਰਨ ਦਾ ਫੈਸਲਾ ਲਿਆ ਜਾਂਦਾ ਹੈ ਤਾਂ ਬੋਰਡ ਦੁਆਰਾ ਇਸ ਸਬੰਧੀ Corrigendum/notice ਜਾਰੀ ਕਰਦੇ ਹੋਏ ਰਾਖਵਾਂਕਰਨ ਅਤੇ ਸ਼੍ਰੇਣੀ-ਵਾਈਜ਼ ਵਰਗੀਕਰਨ ਵਿੱਚ ਸੋਧ ਕੀਤੀ ਜਾ ਸਕਦੀ ਹੈ। ਅਜਿਹੀ ਹਰ ਤਰ੍ਹਾਂ ਦੀ ਸੋਧ ਸਮੂਹ ਉਮੀਦਵਾਰਾਂ ਤੇ ਲਾਗੂ ਹੋਵੇਗੀ ਅਤੇ ਹਰ ਉਮੀਦਵਾਰ ਇਸਦੀ ਪਾਲਣਾ ਕਰਨਾ ਯਕੀਨੀ ਬਣਾਏਗਾ।

**3. ਲੋੜੀਂਦੀ ਵਿੱਦਿਅਕ ਯੋਗਤਾ (Educational Qualification) :-**

| **ਅਸਾਮੀ ਦਾ ਨਾਮ** | **ਵਿਦਿਅਕ ਯੋਗਤਾ** |
|---|---|
| ਨਾਇਬ ਤਹਿਸੀਲਦਾਰ | Should be a graduate from a recognised University or institution.<br>(Note: A person appointed to the Service by direct recruitment or by transfer shall, -<br>(i) undergo satisfactorily the course of training as may be specified by the Governement from time to time, unless exempted by the Financial Commissioner, and<br>(ii) be required to qualify the departmental examinations, as may be specified by the Government from time to time, and as per the Punjab Civil Services(General and Common Conditions of Service) Rules,1994, as amended from time to time:<br>Provided that if any member of the Service has qualified the examination by the prescribed standard prior to his appointment to the Service, he shall not be required to qualify the Departmental Examination again.) |
| ਆਡਿਟ ਅਫਸਰ | (i) Should possess degree of Chartered Accountant or M.Com and<br>(ii) Should have an experience of auditing of Commercial Accounts for a minimum period of three years in a reputed firm or institution.<br>(Note: In the case of Audit Officer, appointed by direct recruitment or by promotion unless exempted by the Government, shall pass the examination in accounts and Punjab Civil Services Rules in accordance with the syllabus as may be specified by the |

Telegram - Daily Job Alert Punjab

| | |
|---|---|
| | Government.) |
| ਨਿਰੀਖਕ ਪੜਤਾਲ | (i) Should possess degree of B.Com at least in 2nd division from a recognized University or institution; and<br>(ii) Should have passed a Computer Course at least one hundred and twenty hours with hands on experience in the use of Personal Computer or Information Technology in Office productivity applications or Desktop Publishing applications from a Government recognized institution or reputed institution, which is ISO9001, certified:<br>Provided that if similar course was a part of the curriculum in the Degree Course and the candidate has passed the said course as a subject of his Degree class the condition of his having studied and passed the above said computer course shall not apply.<br>(iii) Should have passed the Matriculation Examination with Punjabi as one of the compulsory or elective subjects or any other equivalent examination in Punjabi language, which may be specified by the Government from time to time.<br>(Note: In case of Inspector Audit, Cooperative Societies, every newly appointed member of the Service shall have to undergo in service training as may specified by the Government from time to time.) |

ਨੋਟ:-

(A) ਉਪਰ ਦਰਸਾਈਆਂ ਅਸਾਮੀਆਂ ਲਈ Punjab Civil Services (General and Common Conditions of Service) Rules, 1994, ਦੇ ਨਿਯਮ 17 ਤਹਿਤ ਦਸਵੀਂ ਪੱਧਰ ਤੇ ਪੰਜਾਬੀ ਜਾਂ ਇਸਦੇ ਬਰਾਬਰ ਦੀ ਯੋਗਤਾ ਪਾਸ ਕੀਤੀ ਹੋਣੀ ਲਾਜ਼ਮੀ ਹੈ। ਇਸ ਨਿਯਮ ਦੀ ਇਬਾਰਤ ਹੇਠ ਅਨੁਸਾਰ ਹੈ:-

*"**17.Knowledge of Punjabi Language-** No person shall be appointed to any post in any service by direct appointment unless he has passed Matriculation examination with Punjabi as one of the compulsory or elective subjects or any other equivalent examination in Punjabi language which may be specified by the Government from time to time."*

(B) ਵਿਦਿਅਕ ਯੋਗਤਾ ਦੇ ਲੋੜੀਂਦੇ ਸਰਟੀਫਿਕੇਟ ਆਨਲਾਈਨ ਅਪਲਾਈ ਕਰਨ ਦੀ ਅੰਤਿਮ ਮਿਤੀ ਤੋਂ ਪਹਿਲਾਂ ਦਾ ਜਾਰੀ ਹੋਇਆ ਹੋਣਾ ਲਾਜਮੀ ਹੈ।

Telegram - Daily Job Alert Punjab

4. **ਇੰਨ੍ਹਾਂ ਅਸਾਮੀਆਂ ਦਾ ਤਨਖਾਹ ਸਕੇਲ ਹੇਠ ਦਰਸਾਏ ਅਨੁਸਾਰ ਹੈ:-**

| ਅਸਾਮੀ ਦਾ ਨਾਮ | Pay Scale |
|---|---|
| ਨਾਇਬ ਤਹਿਸੀਲਦਾਰ | Rs. 35,400/- (Level-6) |
| ਆਡਿਟ ਅਫਸਰ | Rs. 35,400/- (Level-6)<br><br>ਨੋਟ: 1. ਵਿੱਤ ਵਿਭਾਗ ਦੀਆਂ ਹਦਾਇਤਾਂ ਨੰ:7/204/2015-4ਐਫ.ਪੀ.1/60, ਮਿਤੀ 15-01-2015 ਅਤੇ ਨੰ:7/204/2015-4ਐਫ.ਪੀ.185793, ਮਿਤੀ 04-10-2016 ਇੰਨ-ਬਿੰਨ ਲਾਗੂ ਰਹਿਣਗੀਆਂ।<br>2. ਮੁੱਢਲੀ ਤਨਖਾਹ ਤੋਂ ਇਲਾਵਾ ਇਸ ਸਕੇਲ ਦੇ ਸਨਮੁੱਖ ਹਰ ਤਰ੍ਹਾਂ ਦੇ ਭੱਤਿਆਂ ਬਾਰੇ ਫੈਸਲਾ ਬਾਅਦ ਵਿੱਚ ਕੀਤਾ ਜਾਵੇਗਾ।<br>ਇਹ ਪੇ-ਮੈਟ੍ਰਿਕਸ ਕੇਵਲ Prospective recruitment, ਜੋ ਵਿੱਤ ਵਿਭਾਗ ਦੀਆਂ ਹਦਾਇਤਾਂ ਮਿਤੀ 17-07-2020 ਦੇ ਸਨਮੁੱਖ ਕੀਤੀ ਜਾਣੀ ਹੈ, ਤੇ ਹੀ ਲਾਗੂ ਰਹਿਣਗੇ। |
| ਨਿਰੀਖਕ ਪੜਤਾਲ | Rs. 35,400/- (Level-6)<br><br>ਨੋਟ: 1. ਵਿੱਤ ਵਿਭਾਗ ਦੀਆਂ ਹਦਾਇਤਾਂ ਨੰ:7/204/2015-4ਐਫ.ਪੀ.1/60, ਮਿਤੀ 15-01-2015 ਅਤੇ ਨੰ:7/204/2015-4ਐਫ.ਪੀ.185793, ਮਿਤੀ 04-10-2016 ਇੰਨ-ਬਿੰਨ ਲਾਗੂ ਰਹਿਣਗੀਆਂ।<br>2. ਮੁੱਢਲੀ ਤਨਖਾਹ ਤੋਂ ਇਲਾਵਾ ਇਸ ਸਕੇਲ ਦੇ ਸਨਮੁੱਖ ਹਰ ਤਰ੍ਹਾਂ ਦੇ ਭੱਤਿਆਂ ਬਾਰੇ ਫੈਸਲਾ ਬਾਅਦ ਵਿੱਚ ਕੀਤਾ ਜਾਵੇਗਾ।<br>ਇਹ ਪੇ-ਮੈਟ੍ਰਿਕਸ ਕੇਵਲ Prospective recruitment, ਜੋ ਵਿੱਤ ਵਿਭਾਗ ਦੀਆਂ ਹਦਾਇਤਾਂ ਮਿਤੀ 17-07-2020 ਦੇ ਸਨਮੁੱਖ ਕੀਤੀ ਜਾਣੀ ਹੈ, ਤੇ ਹੀ ਲਾਗੂ ਰਹਿਣਗੇ। |

5. **ਉਮਰ ਸੀਮਾ:-**

ਉਪਰੋਕਤ ਅਸਾਮੀਆਂ ਲਈ ਉਮੀਦਵਾਰਾਂ ਦੀ ਉਮਰ ਸੀਮਾ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਿਤੀ 01.01.2025 ਨੂੰ ਹੇਠ ਅਨੁਸਾਰ ਹੋਣੀ ਚਾਹੀਦੀ ਹੈ:-

(i) ਕਿਸੇ ਵੀ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ।

(ii) ਜਨਰਲ ਸ਼੍ਰੇਣੀ ਦੇ ਉਮੀਦਵਾਰਾਂ ਦੀ ਉਪਰਲੀ ਉਮਰ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ।

(iii) ਪੰਜਾਬ ਰਾਜ ਦੇ ਅਨੁਸੂਚਿਤ ਜਾਤੀ ਅਤੇ ਪੱਛੜੀ ਸ਼੍ਰੇਣੀ ਦੇ ਵਸਨੀਕ ਉਮੀਦਵਾਰਾਂ ਦੀ ਵੱਧ ਤੋਂ ਵੱਧ ਉਮਰ ਦੀ ਉਪਰਲੀ ਸੀਮਾ 42 ਸਾਲ ਹੋਵੇਗੀ।

(iv) ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਲਈ ਉਮਰ ਦੀ ਉਪਰਲੀ ਸੀਮਾਂ ਵਿੱਚ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 45 ਸਾਲ ਹੋਵੇਗੀ।

Telegram - Daily Job Alert Punjab

(v) ਪੰਜਾਬ ਦੇ ਵਸਨੀਕ ਸਾਬਕਾ ਫੌਜੀਆਂ ਦੇ ਕੇਸ ਵਿੱਚ ਉਮਰ ਦੀ ਉਪਰਲੀ ਸੀਮਾ Punjab Recruitment of Ex-Servicemen Rules, 1982 ਵਿੱਚ ਸਮੇਂ-ਸਮੇਂ ਹੋਈਆਂ ਸੋਧਾਂ ਅਨੁਸਾਰ ਹੋਵੇਗੀ। ਇਹ ਉਮਰ ਦੀ ਉਪਰਲੀ ਸੀਮਾ ਉਨ੍ਹਾਂ ਦੀ ਫੌਜ ਵਿੱਚ ਕੀਤੀ ਸੇਵਾ ਦਾ ਸਮਾਂ ਉਨ੍ਹਾਂ ਦੀ ਉਮਰ ਵਿੱਚੋਂ ਘਟਾਉਣ ਤੋਂ ਬਾਅਦ ਬਾਕੀ ਬਚੀ ਉਮਰ, ਜੇਕਰ ਸੇਵਾ ਰੂਲਾਂ ਅਨੁਸਾਰ ਅਸਾਮੀ ਦੀ ਉਪਰਲੀ ਸੀਮਾ ਤੋਂ 3 ਸਾਲ ਤੋਂ ਵੱਧ ਨਹੀਂ ਹੋਵੇਗੀ ਤਾਂ ਮੰਨਿਆ ਜਾਵੇਗਾ ਕਿ ਉਹ ਉਮਰ ਦੀ ਉਪਰਲੀ ਸੀਮਾ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ।

(vi) ਪੰਜਾਬ ਦੇ ਵਸਨੀਕ ਦਿਵਿਆਂਗ ਉਮੀਦਵਾਰਾਂ ਲਈ ਉਮਰ ਦੀ ਉਪਰਲੀ ਸੀਮਾ ਵਿੱਚ 10 ਸਾਲ ਦੀ ਛੋਟ ਦਿੰਦੇ ਹੋਏ ਵੱਧ ਤੋਂ ਵੱਧ ਉਮਰ ਸੀਮਾ 47 ਸਾਲ ਹੋਵੇਗੀ।

(vii) The upper age limit for widows, divorcees and certain other categories of married women as per instructions issued by the Government of Punjab vide letter No. 1/50/83-5PP(1368)/3454 dated 23.04.1984 will be relaxed up to 40 years.

**ਨੋਟ:- ਰਾਜ ਅਤੇ ਕੇਂਦਰੀ ਸਰਕਾਰ ਦੇ ਕਰਮਚਾਰੀਆਂ ਨੂੰ ਉਮਰ ਦੀ ਉਪਰਲੀ ਸੀਮਾਂ ਵਿੱਚ ਛੋਟ ਲੈਣ ਲਈ ਆਪਣੇ ਵਿਭਾਗ ਤੋਂ NOC ਲੈ ਕੇ ਕਾਊਂਸਲਿੰਗ ਸਮੇਂ ਪੇਸ਼ ਕਰਨਾ ਪਵੇਗਾ।**

**6. ਫੀਸ ਦਾ ਵੇਰਵਾ:**

| | | |
|---|---|---|
| ਆਮ ਵਰਗ (General Category)/ਸੁਤੰਤਰਤਾ ਸੰਗਰਾਮੀ/ਖਿਡਾਰੀ | - | 1000/- ਰੁਪਏ |
| ਐਸ.ਸੀ.(S.C)/ਬੀ.ਸੀ.(BC)/ਆਰਥਿਕ ਤੌਰ ਤੇ ਕਮਜ਼ੋਰ ਵਰਗ (EWS) | - | 250/- ਰੁਪਏ |
| ਸਾਬਕਾ ਫੌਜੀ ਅਤੇ ਆਸ਼ਰਿਤ (Ex-Servicemen & Dependent) | - | 200/- ਰੁਪਏ |
| ਦਿਵਿਆਂਗ (Physical Handicapped) | - | 500/- ਰੁਪਏ |

**ਨੋਟ:- ਉਮੀਦਵਾਰਾਂ ਦੁਆਰਾ ਇੱਕ ਵਾਰ ਅਦਾ ਕੀਤੀ ਫੀਸ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤੀ ਜਾਏਗੀ।**

**7. ਚੋਣ ਵਿਧੀ:**

i. ਪ੍ਰਕਾਸ਼ਿਤ ਕੀਤੀਆਂ ਅਸਾਮੀਆਂ ਲਈ ਉਮੀਦਵਾਰਾਂ ਦੀ ਚੋਣ ਕਰਨ ਲਈ Objective type (Multiple Choice Questions) ਲਿਖਤੀ ਪ੍ਰੀਖਿਆ ਹੋਵੇਗੀ।

ii. ਲਿਖਤੀ ਪ੍ਰੀਖਿਆ ਦਾ ਸਿਲੇਬਸ/ਪੈਟਰਨ ਇਸ ਨੋਟਿਸ ਨਾਲ Annexure-1 ਅਤੇ Annexure-2 ਤੇ ਨੱਥੀ ਹੈ। ਆਡਿਟ ਅਫਸਰ ਦਾ ਸਿਲੇਬਸ/ਪੈਟਰਨ ਬਾਅਦ ਵਿੱਚ ਵੈੱਬਸਾਈਟ ਤੇ ਅਪਲੋਡ ਕੀਤਾ ਜਾਏਗਾ।

iii. ਉਮੀਦਵਾਰਾਂ ਨੂੰ ਲਿਖਤੀ ਪ੍ਰੀਖਿਆ ਲਈ ਬੋਰਡ ਦੀ ਵੈੱਬਸਾਈਟ ਤੇ ਹੀ Online Admit Card ਜਾਰੀ ਕੀਤੇ ਜਾਣਗੇ। ਸੋ ਉਮੀਦਵਾਰ ਬੋਰਡ ਦੀ ਵੈਬਸਾਈਟ ਲਗਾਤਾਰ ਚੈੱਕ ਕਰਦੇ ਰਹਿਣ।

iv. ਉਮੀਦਵਾਰਾਂ ਦੀ ਮੈਰਿਟ ਸੂਚੀ (Merit List) ਲਿਖਤੀ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਦੇ ਆਧਾਰ ਤੇ ਤਿਆਰ ਕੀਤੀ ਜਾਏਗੀ।

v. ਜੇਕਰ ਦੋ ਜਾਂ ਦੋ ਤੋਂ ਵੱਧ ਉਮੀਦਵਾਰਾਂ ਦੀ ਲਿਖਤੀ ਪ੍ਰੀਖਿਆ ਦੀ ਮੈਰਿਟ ਦੀ ਬਾਰਬਰਤਾ ਸਬੰਧੀ ਕੋਈ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਇਸ ਸਬੰਧੀ ਬਰਾਬਰ ਅੰਕ ਹਾਸਲ ਉਮੀਦਵਾਰਾਂ ਦੀ ਜਨਮ ਮਿਤੀ ਨੂੰ ਵਿਚਾਰਦੇ ਹੋਏ ਵੱਧ ਉਮਰ ਵਾਲੇ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਏਗੀ। ਜੇਕਰ ਜਨਮ ਮਿਤੀ ਅਨੁਸਾਰ ਉਮਰ ਵਿੱਚ ਵੀ ਬਰਾਬਰਤਾ ਪਾਈ ਜਾਂਦੀ ਹੈ ਤਾਂ ਇਸ ਉਪਰੰਤ ਅਸਾਮੀ ਲਈ

Telegram - Daily Job Alert Punjab

ਲੋੜੀਂਦੀ ਵਿਦਿਅਕ ਯੋਗਤਾ ਦੀ ਅੰਕ ਪ੍ਰਤੀਸ਼ਤਤਾ ਨੂੰ ਵਿਚਾਰਦੇ ਹੋਏ ਵੱਧ ਅੰਕ ਹਾਸਲ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਏਗੀ। ਜੇਕਰ ਇਸ ਉਪਰੰਤ ਵੀ ਅੰਕਾਂ ਦੀ ਬਰਾਬਰਤਾ ਦਾ ਮਾਮਲਾ ਨਹੀਂ ਸੁਲਝਦਾ ਹੈ ਤਾਂ ਮੈਟ੍ਰਿਕ ਦੇ ਅੰਕਾਂ ਨੂੰ ਵਿਚਾਰਦੇ ਹੋਏ ਵੱਧ ਮੈਟ੍ਰਿਕ ਅੰਕ ਹਾਸਲ ਉਮੀਦਵਾਰ ਦੀ ਮੈਰਿਟ ਉੱਪਰ ਮੰਨੀ ਜਾਏਗੀ। ਇਸ ਵਿਧੀ ਅਨੁਸਾਰ ਮੈਰਿਟ ਦੀ ਬਰਾਬਰਤਾ ਦੇ ਮਾਮਲੇ ਵਿੱਚ ਅਧੀਨ ਸੇਵਾਵਾਂ ਚੋਣ ਬੋਰਡ ਦੁਆਰਾ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ ਅਤੇ ਇਹ ਸਭ ਉਮੀਦਵਾਰਾਂ ਤੇ ਲਾਗੂ ਹੋਵੇਗਾ।

vi. ਉਮੀਦਵਾਰਾਂ ਦੇ ਹਰ ਤਰ੍ਹਾਂ ਦੇ ਦਸਤਾਵੇਜਾਂ ਦੀ ਪੜਤਾਲ/ਵੈਰੀਫਿਕੇਸ਼ਨ ਕਰਨ ਲਈ ਮੈਰਿਟ ਸੂਚੀ ਦੇ ਆਧਾਰ ਤੇ ਉਮੀਦਵਾਰਾਂ ਨੂੰ ਕਾਊਂਸਲਿੰਗ ਲਈ ਬੁਲਾਇਆ ਜਾਏਗਾ। ਕਾਊਂਸਲਿੰਗ ਲਈ ਬੁਲਾਏ ਜਾਣ ਵਾਲੇ ਉਮੀਦਵਾਰਾਂ ਦੀ ਗਿਣਤੀ ਦਾ ਫੈਸਲਾ ਬੋਰਡ ਜਾਂ ਬੋਰਡ ਦੀ ਸਮਰੱਥ ਅਥਾਰਟੀ/ਅਧਿਕਾਰੀ ਵੱਲੋਂ ਸ਼੍ਰੇਣੀ ਵਾਈਜ ਅਸਾਮੀਆਂ ਦੀ ਗਿਣਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਜਾਏਗਾ। ਇਸ ਉਪਰੰਤ ਕਾਊਂਸਲਿੰਗ ਉਪਰੰਤ ਮੁਕੰਮਲ ਤੌਰ ਤੇ ਸਫਲ/ਯੋਗ ਪਾਏ ਗਏ ਉਮੀਦਵਾਰਾਂ ਦੇ ਨਾਮ ਅਸਾਮੀਆਂ ਦੀ ਉਸ ਸਮੇਂ ਦੀ ਮੌਜੂਦਾ ਗਿਣਤੀ (ਜੋ ਕਿ ਸਬੰਧਤ ਵਿਭਾਗ ਦੇ ਹੁਕਮਾਂ/ਹਦਾਇਤਾਂ ਅਨੁਸਾਰ ਭਰਤੀ ਪ੍ਰਕੀਰਿਆ ਦੌਰਾਨ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾ ਸਕਦੀ ਹੈ) ਅਨੁਸਾਰ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤੇ ਜਾਣਗੇ।

vii. ਆਨਲਾਈਨ ਅਪਲਾਈ ਕਰਨ ਜਾਂ ਲਿਖਤੀ ਪੇਪਰ ਵਿੱਚ ਅਪੀਅਰ ਹੋਣ ਜਾਂ ਮੈਰਿਟ ਸੂਚੀ ਵਿੱਚ ਨਾਮ ਆਉਣ ਜਾਂ ਕਾਊਂਸਲਿੰਗ ਲਈ ਬੁਲਾਏ ਜਾਣ ਨਾਲ ਉਮੀਦਵਾਰ ਅਸਾਮੀ ਲਈ ਸਿਫਾਰਸ਼ ਹੋਣ ਦਾ ਅਧਿਕਾਰੀ ਨਹੀਂ ਬਣ ਜਾਵੇਗਾ। ਅਸਾਮੀਆਂ ਲਈ ਹਰ ਪੱਖੋਂ ਉਮੀਦਵਾਰ ਦੀ ਯੋਗਤਾ ਸਿੱਧ ਹੋਣ ਉਪਰੰਤ ਹੀ ਲਿਖਤੀ ਪ੍ਰੀਖਿਆ ਦੀ ਮੈਰਿਟ ਦੇ ਆਧਾਰ ਤੇ ਉਸਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤਾ ਜਾਏਗਾ। ਉਮੀਦਵਾਰ ਵੱਲੋਂ ਆਪਣੀ ਯੋਗਤਾ ਸਿੱਧ ਨਾ ਕਰ ਸਕਣ ਦੀ ਸਥਿਤੀ ਵਿੱਚ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਏਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ।

viii. ਲਿਖਤੀ ਪ੍ਰਿਖਿਆ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਿ ਪ੍ਰੀਖਿਆ ਦਾ ਸਮਾਂ, ਪ੍ਰੀਖਿਆ ਕੇਂਦਰ, Admit Card, ਨਤੀਜਾ, ਮੈਰਿਟ ਸੂਚੀ ਅਤੇ ਭਰਤੀ ਪ੍ਰਕੀਰਿਆ ਸਬੰਧੀ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਹੋਣ ਵਾਲੀ ਹੋਰ ਜਾਣਕਾਰੀ/ਨੋਟਿਸ/ਤਬਦੀਲੀ ਸਿਰਫ ਬੋਰਡ ਦੀ ਵੈੱਬਸਾਈਟ ਤੇ ਹੀ ਅਪਲੋਡ (upload) ਕੀਤੀ ਜਾਏਗੀ। ਇਸ ਸਬੰਧੀ ਉਮੀਦਵਾਰਾਂ ਨੂੰ ਵਿਅਕਤੀਗਤ ਤੌਰ ਤੇ ਕੋਈ ਵੀ ਪੱਤਰ-ਵਿਹਾਰ/ਸੂਚਨਾ ਨਹੀਂ ਭੇਜੀ ਜਾਏਗੀ। ਸੋ ਜਦ ਤੱਕ ਭਰਤੀ ਪ੍ਰਕਿਰਿਆ ਮੁੰਕਮਲ ਨਹੀਂ ਹੋ ਜਾਂਦੀ ਤਦ ਤੱਕ ਉਮੀਦਵਾਰਾਂ ਨੂੰ Latest updates ਲਈ ਬੋਰਡ ਦੀ ਵੈੱਬਸਾਈਟ ਲਾਜ਼ਮੀ ਤੌਰ ਤੇ ਲਗਾਤਾਰ ਚੈੱਕ ਕਰਦੇ ਰਹਿਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਉਮੀਦਵਾਰ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਦੀ ਜਿੰਮੇਵਾਰੀ ਅਧੀਨ ਸੇਵਾਵਾਂ ਚੋਣ ਬੋਰਡ ਦੀ ਨਹੀਂ ਹੋਵੇਗੀ ਅਤੇ ਨਾ ਹੀ ਇਸ ਸਬੰਧੀ ਕੋਈ ਸੁਣਵਾਈ ਦਾ ਮੌਕਾ ਦਿੱਤਾ ਜਾਏਗਾ।

ix. ਕਾਊਂਸਲਿੰਗ ਲਈ ਬੁਲਾਏ ਗਏ ਉਮੀਦਵਾਰਾਂ ਨੂੰ ਉਨ੍ਹਾਂ ਦੀ ਯੋਗਤਾ/ਪਾਤਰਤਾ ਦੇ ਆਧਾਰ ਤੇ ਬਿਨੈ ਕਰਨ ਵਾਲੀ ਸ਼੍ਰੇਣੀ/ਅਸਾਮੀ ਕੋਡ ਵਿੱਚ ਹੀ ਵਿਚਾਰਿਆ ਜਾਵੇਗਾ।

**8. ਅਪਲਾਈ ਕਰਨ ਦੀ ਵਿਧੀ:**

I. ਉਮੀਦਵਾਰ ਬੋਰਡ ਦੀ ਵੈਬਸਾਈਟ https://sssb.punjab.gov.in ਤੇ "Online Applications" ਅਧੀਨ ਮੁਹੱਈਆ ਲਿੰਕ ਤੇ ਕਲਿਕ ਕਰਕੇ **ਮਿਤੀ 01/07/2025 ਤੋਂ 21/07/2025 ਸ਼ਾਮ 5:00 ਵਜ਼ੇ ਤੱਕ** ਕੇਵਲ ਆਨਲਾਈਨ ਹੀ ਅਪਲਾਈ ਕਰ ਸਕਦੇ ਹਨ। ਹੋਰ ਕਿਸੇ ਵੀ ਵਿਧੀ ਰਾਹੀਂ ਪ੍ਰਾਪਤ ਐਪਲੀਕੇਸ਼ਨ ਸਵੀਕਾਰ ਨਹੀਂ ਕੀਤੀ ਜਾਵੇਗੀ ਅਤੇ ਇਹ ਰੱਦ ਸਮਝੀ ਜਾਵੇਗੀ।

Telegram - Daily Job Alert Punjab

II. ਆਨਲਾਈਨ ਅਪਲਾਈ ਕਰਨ ਦੀਆਂ ਹਦਾਇਤਾਂ (instructions) ਬੋਰਡ ਦੀ ਵੈਬਸਾਈਟ ਤੇ ਮੌਜੂਦ ਇਸ ਭਰਤੀ ਦੇ ਲਿੰਕ ਹੇਠ ਦਰਜ਼ ਹਨ। ਉਮੀਦਵਾਰ ਇਸ ਲਿੰਕ ਤੇ ਕਲਿਕ ਕਰਨ ਉਪਰੰਤ ਇੰਨ੍ਹਾਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹ ਕੇ ਹੀ ਹਰ ਇੱਕ Step ਨੂੰ ਸਫਲਤਾਪੂਰਵਕ ਮੁਕੰਮਲ ਕਰਨ।

III. **ਬਿਨੈਕਾਰ ਨੂੰ ਹਰ ਅਸਾਮੀ ਲਈ ਵੱਖਰਾ ਆਨਲਾਈਨ ਫਾਰਮ ਅਤੇ ਵੱਖਰੀ ਫੀਸ ਭਰਨੀ ਹੋਵੇਗੀ ਭਾਵ ਜੇਕਰ ਕੋਈ ਬਿਨੈਕਾਰ ਦੋ/ਤਿੰਨ ਅਸਾਮੀਆਂ ਲਈ ਅਪਲਾਈ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਦੋ/ਤਿੰਨ ਵੱਖਰੇ ਆਨਲਾਈਨ ਫਾਰਮ ਸਬਮਿਟ ਕਰਨੇ ਹੋਣਗੇ ਅਤੇ ਹਰ ਫਾਰਮ ਦੀ ਵੱਖਰੀ ਫੀਸ ਅਦਾ ਕਰਨਾ ਹੋਵੇਗੀ। ਇਸ ਮੰਤਵ ਲਈ ਬਿਨੈਕਾਰ ਨੂੰ ਬੋਰਡ ਦੀ ਵੈਬਸਾਈਟ ਤੇ ਮੌਜੂਦ ਭਰਤੀ ਦੇ ਲਿੰਕ ਤੇ ਕਲਿਕ ਕਰਕੇ ਸਭ ਤੋਂ ਪਹਿਲਾਂ ਦਰਸਾਈਆਂ ਅਸਾਮੀਆਂ ਵਿੱਚੋਂ ਇੱਕ ਦੀ ਚੋਣ ਕਰਨੀ ਹੋਵੇਗੀ ਜਿਸ ਲਈ ਉਹ ਬਿਨੈ ਕਰਨਾ ਚਾਹੁੰਦਾ ਹੈ।**

IV. ਉਮੀਦਵਾਰ ਅਸਾਮੀ ਦੀ ਚੋਣ ਕਰਨ ਉਪਰੰਤ ਸਭ ਤੋਂ ਪਹਿਲਾਂ ਆਪਣੀ ਨਿੱਜੀ ਜਾਣਕਾਰੀ ਭਰਕੇ ਰਜਿਸਟਰੇਸ਼ਨ ਕਰਨਗੇ। ਰਜਿਸਟਰੇਸ਼ਨ ਸਫਲ ਹੋਣ ਉਪਰੰਤ Username generate ਹੋ ਜਾਏਗਾ, ਜਿਸਦੀ ਵਰਤੋਂ ਕਰਕੇ ਉਮੀਦਵਾਰ ਫਿਰ ਤੋਂ Login ਕਰਕੇ Step-wise ਹਰ ਪੱਖੋਂ ਮੁੰਕਮਲ Application Form ਭਰਨਗੇ ਅਤੇ ਇਸਨੂੰ Submit ਕਰਨਗੇ। ਪ੍ਰੰਤੂ ਇਹ Application Form ਫੀਸ ਦੀ ਸਫਲਤਾਪੂਰਵਕ ਅਦਾਇਗੀ ਹੋਣ ਉਪਰੰਤ ਹੀ ਸਵੀਕਾਰ ਹੋਏਗਾ।

V. ਉਮੀਦਵਾਰ Online Application Form ਭਰਨ ਸਮੇਂ ਆਪਣੀ ਪਾਸਪੋਰਟ ਸਾਈਜ਼ ਫੋਟੋਗਰਾਫ, ਹਸਤਾਖਰ ਅਤੇ ਲੋੜੀਂਦੇ ਵਿਦਿਅਕ ਯੋਗਤਾ ਜਿਵੇਂ ਕਿ ਮੈਟ੍ਰਿਕ ਦਾ ਜਨਮ ਮਿਤੀ ਵਾਲਾ ਸਰਟੀਫਿਕੇਟ, ਬਾਰਵੀਂ ਦਾ ਸਰਟੀਫਿਕੇਟ ਅਤੇ ਡਿਪਲੋਮਾ/ਗਰੈਜੁਏਸ਼ਨ/ਕੋਰਸ ਸਰਟੀਫਿਕੇਟ ਆਦਿ ਸਕੈਨ ਕਰਕੇ ਅਪਲੋਡ ਕਰਨਗੇ। ਇੰਨ੍ਹਾਂ ਦਸਤਾਵੇਜਾਂ ਦੇ ਅਪਲੋਡ ਹੋਣ ਅਤੇ ਮੁਕੰਮਲ Online Application Form submit ਹੋਣ ਤੋਂ ਬਾਅਦ ਇੱਕ ਦਿਨ ਛੱਡ ਕੇ ਅਗਲੇ ਦਿਨ ਭਾਵ ਫਾਰਮ ਸਬਮਿਟ ਕਰਨ ਤੋਂ ਤੀਸਰੇ ਦਿਨ ਤੋਂ ਹੀ ਫੀਸ ਜਮ੍ਹਾ/ਅਦਾ ਕੀਤੀ ਜਾ ਸਕੇਗੀ।

VI. ਅਪਲਾਈ ਕਰਨ ਦੀ ਲੋੜੀਂਦੀ ਫੀਸ ਜਮ੍ਹਾਂ ਕਰਵਾਉਣ ਦੀ **ਆਖਰੀ ਮਿਤੀ 24/07/2025** ਹੋਵੇਗੀ। ਫੀਸ ਭਰਨ ਲਈ ਉਮੀਦਵਾਰ ਰਜਿਸਟਰੇਸ਼ਨ ਕਰਨ ਉਪਰੰਤ ਬੋਰਡ ਦੀ ਵੈਬਸਾਈਟ ਤੇ ਮੌਜੂਦ ਭਰਤੀ ਦੇ ਲਿੰਕ ਤੇ ਕਲਿੱਕ ਕਰਕੇ "Upload Photo Sign/Pay Fee/Print Application" ਲਿੰਕ ਤੇ ਕਲਿਕ ਕਰਕੇ Login ਕਰਨਗੇ। **ਬੋਰਡ ਦੀ ਵੈਬਸਾਈਟ ਤੇ Login ਕਰਨ ਲਈ Registration Number ਅਤੇ ਜਨਮ ਮਿਤੀ DD/MM/YYYY ਫਾਰਮੈਟ ਵਿੱਚ ਭਰਨੀ ਹੋਵੇਗੀ। ਆਨਲਾਈਨ ਫੀਸ ਭਰਨ ਲਈ ਬੈਂਕ ਦੀ ਵੈਬਸਾਈਟ ਤੇ LOGIN ਕਰਨ ਲਈ Registration Number ਅਤੇ ਜਨਮ ਮਿਤੀ DDMMYYYY ( ' / ' ਤੋਂ ਬਿਨਾ) ਫਾਰਮੈਟ ਵਿੱਚ ਭਰਨੀ ਹੋਵੇਗੀ।**

VII. ਉਮੀਦਵਾਰ Online Application Submit ਕਰਨ ਉਪਰੰਤ ਵੈਬਸਾਈਟ ਤੇ ਮੌਜੂਦ "Upload Photo Sign/Pay Fee/Print Application" ਲਿੰਕ ਤੇ ਕਲਿੱਕ ਕਰਕੇ ਫੀਸ ਦਾ ਭੁਗਤਾਨ ਕਰ ਸਕਣਗੇ। ਉਮੀਦਵਾਰ Online Application Form submit/ਜਮ੍ਹਾਂ ਹੋਣ ਦੀ ਮਿਤੀ ਤੋਂ ਬਾਅਦ ਇੱਕ ਦਿਨ ਛੱਡ ਕੇ ਅਗਲੀ ਮਿਤੀ ਤੋਂ ਲੈ ਕੇ **ਫੀਸ ਅਦਾ ਕਰਨ ਦੀ ਆਖਰੀ ਮਿਤੀ 24/07/2025** ਤੱਕ ਕਿਸੇ ਵੀ ਕੰਮ-ਕਾਜ ਵਾਲੇ ਦਿਨ ਸਟੇਟ ਬੈਂਕ ਆਫ ਇੰਡੀਆ (State Bank of India) ਦੀ ਕਿਸੇ ਵੀ ਸ਼ਾਖਾ ਵਿੱਚ ਚਲਾਨ ਰਾਹੀਂ ਜਾਂ ਕਿਸੇ ਵੀ ਦਿਨ Net Banking ਜਾਂ Credit Card ਜਾਂ Debit Card ਜਾਂ UPI ਰਾਹੀਂ ਫੀਸ ਜਮ੍ਹਾ ਕਰਵਾ ਸਕਣਗੇ। ਅਪਲਾਈ ਕਰਨ ਦੀ ਆਖਰੀ ਮਿਤੀ 21-07-2025 ਨੂੰ ਸ਼ਾਮ 05-00 ਵਜ਼ੇ ਤੋਂ ਤੁਰੰਤ ਬਾਅਦ ਹਰ ਉਮੀਦਵਾਰ ਫੀਸ ਜਮ੍ਹਾ ਕਰਵਾ ਸਕਦਾ ਹੈ। ਇਸ ਸਮੇਂ ਤੋਂ ਬਾਅਦ ਕਿਸੇ ਵੀ ਉਮੀਦਵਾਰ ਨੂੰ ਇੱਕ ਦਿਨ ਛੱਡ ਕੇ ਅਗਲੀ ਮਿਤੀ ਦਾ ਇੰਤਜਾਰ ਕਰਨ ਦੀ ਜਰੂਰਤ ਨਹੀਂ ਹੈ। ਕਿਸੇ ਕਾਰਨ ਫੀਸ ਜਮਾਂ ਨਾ ਹੋਣ ਦੀ ਸੂਰਤ ਵਿੱਚ ਬੋਰਡ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

Telegram - Daily Job Alert Punjab

VIII. ਉਮੀਦਵਾਰ ਦੁਆਰਾ ਲੋੜੀਂਦੀ ਫੀਸ ਜਮ੍ਹਾ ਕਰਵਾਉਣ ਉਪਰੰਤ ਹੀ Online ਅਪਲਾਈ ਕਰਨ ਦੀ ਪ੍ਰਕਿਰਿਆ ਮੁਕੰਮਲ ਹੋ ਸਕੇਗੀ ਅਤੇ Online Application Form ਸਵੀਕਾਰ ਹੋਏਗਾ। ਇਸ ਉਪਰੰਤ ਹੀ ਫੀਸ ਅਦਾ ਕਰਨ ਦੀ ਮਿਤੀ ਤੋਂ ਬਾਅਦ ਇੱਕ ਦਿਨ ਛੱਡ ਕੇ ਅਗਲੀ ਮਿਤੀ ਤੋਂ Online Application Form Generate/Download ਹੋ ਸਕੇਗਾ। ਉਮੀਦਵਾਰ ਇਸ ਫਾਰਮ ਦਾ ਪ੍ਰਿੰਟ ਲੈ ਕੇ ਭਵਿੱਖ ਲਈ ਸੰਭਾਲ ਕੇ ਰੱਖਣ ਲਈ ਜਿੰਮੇਵਾਰ ਹੋਣਗੇ।

IX. ਜੇਕਰ ਉਮੀਦਵਾਰ ਵੱਲੋਂ ਆਨਲਾਈਨ ਫਾਰਮ ਭਰਨ ਸਮੇਂ ਕੋਈ ਗਲਤੀ ਹੋ ਜਾਂਦੀ ਹੈ ਤਾਂ ਸਿਰਫ Application form online submit ਕਰਨ ਤੋਂ ਪਹਿਲਾਂ ਹੀ ਉਸ ਪਾਸ ਫਾਰਮ ਵਿੱਚ ਸੋਧ ਕਰਨ ਦਾ ਮੌਕਾ ਹੋਵੇਗਾ। ਉਮੀਦਵਾਰ ਦੁਆਰਾ ਇੱਕ ਵਾਰ Application Form ਸਬਮਿਟ ਕਰਨ ਉਪਰੰਤ ਕਿਸੇ ਵੀ ਹਾਲਤ ਵਿੱਚ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਸੋਧ ਨਹੀਂ ਕੀਤੀ ਜਾ ਸਕੇਗੀ ਅਤੇ ਨਾ ਹੀ ਭਵਿੱਖ ਵਿੱਚ ਸੋਧ ਕਰਨ ਸਬੰਧੀ ਉਮੀਦਵਾਰ ਦੀ ਕੋਈ ਪ੍ਰਤੀਬੇਨਤੀ/ਮੰਗ ਦਫਤਰ ਵੱਲੋਂ ਸਵੀਕਾਰ ਕੀਤੀ ਜਾਏਗੀ।

X. ਕਿਸੇ ਵੀ ਉਮੀਦਵਾਰ ਨੂੰ ਫੀਸ ਦੀ ਮੁਆਫੀ/ਛੋਟ ਨਹੀਂ ਦਿੱਤੀ ਜਾਵੇਗੀ ਅਤੇ ਫੀਸ ਦਾ ਭੁਗਤਾਨ ਨਾ ਕਰਨ ਦੀ ਹਾਲਤ ਵਿੱਚ ਉਸਦਾ Application form ਅਧੂਰਾ ਸਮਝਦੇ ਹੋਏ ਸਵੀਕਾਰ ਨਹੀਂ ਕੀਤਾ ਜਾਏਗਾ ਅਤੇ ਉਸਦੀ ਅਰਜੀ/ਪਾਤਰਤਾ ਮੁੱਢ ਤੋਂ ਹੀ ਰੱਦ ਸਮਝੀ ਜਾਵੇਗੀ।

XI. ਕਿਸੇ ਹੋਰ ਵਿਧੀ ਰਾਹੀਂ ਭੇਜੀ ਗਈ ਅਰਜੀ ਜਾਂ ਕਿਸੇ ਹੋਰ ਵਿਧੀ ਰਾਹੀਂ ਜਮ੍ਹਾਂ ਕਰਵਾਈ ਗਈ ਫੀਸ ਨੂੰ ਵੈਲਿਡ (valid) ਨਹੀਂ ਮੰਨਿਆ ਜਾਵੇਗਾ ਅਤੇ ਅਜਿਹੀ ਅਰਜੀ ਨੂੰ ਸਵੀਕਾਰ ਨਾ ਕਰਦੇ ਹੋਏ ਰੱਦ ਕਰ ਦਿੱਤਾ ਜਾਏਗਾ।

XII. Challan/Net Banking/Credit Card/Debit Card/UPI ਰਾਹੀਂ ਅਦਾ ਕੀਤੀ ਗਈ ਫੀਸ ਦੀ Transaction ਕਿਸੇ ਵੀ ਕਾਰਨ ਕਰਕੇ ਅਸਫਲ ਹੋਣ ਦੀ ਸਥਿਤੀ ਵਿੱਚ ਉਮੀਦਵਾਰ ਦੀ Application ਜਮ੍ਹਾਂ ਨਹੀਂ ਹੋਈ ਮੰਨੀ ਜਾਵੇਗੀ ਅਤੇ ਇੱਕ ਵਾਰ ਅਦਾ ਕੀਤੀ ਫੀਸ ਨਾ-ਮੋੜਨਯੋਗ ਹੋਵੇਗੀ।

**9. ਉਮੀਦਵਾਰ ਨੂੰ ਅਯੋਗ ਕਰਾਰ ਦੇਣ ਜਾਂ ਪਾਤਰਤਾ ਰੱਦ ਕਰਨ ਦੀਆਂ ਸ਼ਰਤਾਂ:**

ਹੇਠ ਦਰਸਾਈ ਕਿਸੇ ਵੀ ਸਥਿਤੀ ਵਿੱਚ ਉਮੀਦਵਾਰ ਨੂੰ ਅਯੋਗ ਕਰਾਰ ਦਿੰਦੇ ਹੋਏ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ:-

(i) ਪੂਰੀ ਫੀਸ ਪ੍ਰਾਪਤ ਨਾ ਹੋਣ ਜਾਂ ਨਿਰਧਾਰਤ ਵਿਧੀ ਅਨੁਸਾਰ ਫੀਸ ਜਮ੍ਹਾਂ ਨਾ ਕਰਵਾਉਣ ਜਾਂ ਕਿਸੇ ਵੀ ਕਾਰਨ ਫੀਸ ਪ੍ਰਾਪਤ ਨਾ ਹੋਣ ਦੀ ਸਥਿਤੀ ਵਿੱਚ ਪਾਤਰਤਾ ਰੱਦ ਸਮਝੀ ਜਾਏਗੀ;

(ii) ਬਿਨੈ-ਪੱਤਰ ਵਿੱਚ ਅਧੂਰੀ ਜਾਂ ਗਲਤ ਸੂਚਨਾ ਭਰਨਾ;

(iii) ਆਨਲਾਈਨ ਬਿਨੈ ਕਰਨ ਦੀ ਪੂਰੀ ਪ੍ਰਕਿਰਿਆ ਮੁਕੰਮਲ ਨਾ ਕਰਨਾ;

(iv) ਅਧੀਨ ਸੇਵਾਵਾਂ ਚੋਣ ਬੋਰਡ ਜਾਂ ਕਿਸੇ ਹੋਰ ਸੰਸਥਾ ਵੱਲੋਂ ਅਯੋਗ ਕਰਾਰ ਦਿੱਤਾ ਹੋਣਾ;

(v) ਲੋੜੀਂਦੀ ਵਿੱਦਿਅਕ ਯੋਗਤਾ, ਉਮਰ, ਰਾਖਵਾਂਕਰਨ ਜਾਂ ਭਰਤੀ ਦੀ ਕੋਈ ਹੋਰ ਸ਼ਰਤ ਪੂਰੀ ਨਾ ਹੋਣਾ;

(vi) ਆਨਲਾਈਨ ਬਿਨੈ ਕਰਨ ਦੀ ਪ੍ਰਕਿਰਿਆ ਦੀ ਥਾਂ ਕਿਸੇ ਹੋਰ ਪ੍ਰਕਿਰਿਆ ਰਾਹੀਂ ਬਿਨੈ ਕਰਨਾ;

(vii) ਲਿਖਤੀ ਪ੍ਰਿਖਿਆ ਵਿੱਚ ਫੇਲ/ਅਯੋਗ ਹੋਣ ਦੀ ਸਥਿਤੀ ਵਿੱਚ।

(viii) ਬੋਰਡ ਵੱਲੋਂ ਆਯੋਜਿਤ ਕਾਉਂਸਲਿੰਗ ਵਿੱਚ ਗੈਰ-ਹਾਜ਼ਰ ਰਹਿਣ ਦੀ ਸਥਿਤੀ ਵਿੱਚ।

**10. ਬਿਨੈਕਾਰਾਂ ਦੇ ਧਿਆਨ ਹਿੱਤ ਅਤਿ ਜ਼ਰੂਰੀ ਹਦਾਇਤਾਂ:**

(i) ਉਮੀਦਵਾਰਾਂ ਵੱਲੋਂ ਹਾਸਲ ਕੀਤਾ ਗਿਆ ਡਿਗਰੀ/ਡਿਪਲੋਮਾ/ਕੋਰਸ ਸਰਟੀਫਿਕੇਟ ਸਬੰਧਤ ਬੋਰਡ/ਸੰਸਥਾ/ਯੂਨੀਵਰਸਿਟੀ ਵੱਲੋਂ ਸਮੇਂ-ਸਮੇਂ ਤੇ ਜਾਰੀ guidelines/instructions ਅਨੁਸਾਰ ਅਤੇ ਮਾਨਤਾ ਪ੍ਰਾਪਤ ਬੋਰਡ/ਸੰਸਥਾ/ਯੂਨੀਵਰਸਿਟੀ ਤੋਂ ਜਾਰੀ ਕੀਤਾ ਹੋਣਾ ਲਾਜ਼ਮੀ ਹੈ।

Telegram - Daily Job Alert Punjab

(ii) ਉਪਰੋਕਤ ਦਰਸਾਈਆਂ ਅਸਾਮੀਆਂ ਲਈ Punjab Civil Services (General and Common Conditions of Service) Rules, 1994 ਵਿੱਚ ਕੀਤੇ ਉਪਬੰਧ ਅਨੁਸਾਰ ਦਸਵੀਂ ਪੱਧਰ ਦੀ ਪੰਜਾਬੀ ਜਾਂ ਇਸਦੇ ਬਰਾਬਰ ਦੀ ਯੋਗਤਾ ਪਾਸ ਕੀਤੀ ਹੋਵੇ।

(iii) ਮੁੱਢਲੀ ਤਨਖਾਹ ਅਤੇ ਹੋਰ ਭੱਤਿਆਂ ਸਬੰਧੀ ਵਿੱਤ ਵਿਭਾਗ (ਵਿੱਤ ਪ੍ਰਸੋਨਲ-1 ਸ਼ਾਖਾ), ਪੰਜਾਬ ਸਰਕਾਰ ਦਾ ਪੱਤਰ ਨੰ. 7/204/2012-4ਐਫ.ਪੀ.1/66 ਮਿਤੀ 15.01.2015 ਅਤੇ ਇਸ ਸਬੰਧੀ ਸਮੇਂ-ਸਮੇਂ ਤੇ ਜਾਰੀ ਹੋਰ ਹਦਾਇਤਾਂ ਲਾਗੂ ਹੋਣਗੀਆਂ।

(iv) ਉਪਰੋਕਤ ਦਰਸਾਈਆਂ ਅਸਾਮੀਆਂ ਦੀ ਗਿਣਤੀ ਬੋਰਡ ਵੱਲੋਂ ਕਿਸੇ ਵੀ ਸਮੇਂ ਘਟਾਈ ਜਾਂ ਵਧਾਈ ਜਾਂ ਸ਼੍ਰੇਣੀ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ।

(v) ਇਨ੍ਹਾਂ ਅਸਾਮੀਆਂ ਦੀ ਸ਼੍ਰੇਣੀ ਵਾਈਜ਼ ਵੰਡ ਅਤੇ ਰਾਖਵਾਂਕਰਨ ਉਪਰੋਕਤ ਦਰਸਾਏ ਸਬੰਧਤ ਵਿਭਾਗ ਵੱਲੋਂ ਨਿਰਧਾਰਤ ਕੀਤਾ ਗਿਆ ਹੈ। ਇਨ੍ਹਾਂ ਅਸਾਮੀਆਂ ਲਈ ਹਰ ਸ਼੍ਰੇਣੀ ਲਈ ਰਾਖਵਾਂਕਰਨ ਸਬੰਧਤ ਵਿਭਾਗ/ਪੰਜਾਬ ਸਰਕਾਰ ਦੀਆਂ ਰਾਖਵਾਂਕਰਨ ਸਬੰਧੀ ਨੀਤੀ/ਹਦਾਇਤਾਂ/ਨਿਯਮਾਂ ਅਨੁਸਾਰ ਲਾਗੂ ਹੋਵੇਗਾ। Economic weaker Sections ਲਈ ਰਾਖਵਾਂਕਰਨ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਦੇ ਪੱਤਰ ਨੰ.01/03/2019-ਆਰ.ਸੀ.1/120 ਮਿਤੀ 28 ਮਈ, 2019 ਰਾਹੀਂ ਜਾਰੀ ਹਦਾਇਤਾਂ ਅਤੇ ਇਸ ਸਬੰਧੀ ਭਵਿੱਖ ਵਿੱਚ ਸਮੇਂ ਸਮੇਂ ਤੇ ਹੋਰ ਵੀ ਜਾਰੀ ਕੀਤੀਆਂ ਗਈਆਂ ਹਦਾਇਤਾਂ/ਨਿਯਮਾਂ ਦੇ ਅਨੁਸਾਰ ਲਾਗੂ ਹੋਵੇਗਾ।

(vi) ਇਨ੍ਹਾਂ ਅਸਾਮੀਆਂ ਲਈ ਉਮੀਦਵਾਰ ਕੇਵਲ ਬੋਰਡ ਦੀ ਵੈੱਬਸਾਈਟ *https://sssb.punjab.gov.in* ਤੇ ਹੀ ਆਨਲਾਈਨ ਅਪਲਾਈ ਕਰ ਸਕਦੇ ਹਨ। ਇਸ ਤੋਂ ਬਿਨ੍ਹਾਂ ਕਿਸੇ ਵੀ ਵਿਧੀ ਰਾਹੀਂ ਭੇਜੀ ਗਈ ਅਰਜੀ ਰੱਦ ਸਮਝੀ ਜਾਵੇਗੀ।

(vii) ਆਨਲਾਈਨ ਫਾਰਮ ਭਰਨ ਸਮੇਂ ਹੋਈ ਕਿਸੇ ਵੀ ਗਲਤੀ ਲਈ ਉਮੀਦਵਾਰ ਖੁਦ ਜ਼ਿੰਮੇਵਾਰ ਹੋਵੇਗਾ। ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਦੀ ਇਸ ਸਬੰਧੀ ਕੋਈ ਜ਼ਿੰਮੇਵਾਰੀ ਨਹੀਂ ਹੋਵਗੀ ਅਤੇ ਨਾ ਹੀ ਕਿਸੇ ਵੀ ਕਾਲਮ ਵਿੱਚ ਸੋਧ ਕੀਤੀ ਜਾਵੇਗੀ। ਉਮੀਦਵਾਰ ਵਲੋਂ ਇੱਕ ਵਾਰ ਭਰਿਆ ਗਿਆ ਡਾਟਾ ਕਿਸੇ ਵੀ ਹਾਲਤ ਵਿੱਚ ਬਦਲਣ ਦੀ ਆਗਿਆ ਨਹੀਂ ਹੋਵੇਗੀ।

(viii) ਉਮੀਦਵਾਰ ਨੂੰ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਨ੍ਹਾਂ ਅਸਾਮੀਆਂ ਲਈ ਖੁਦ ਆਨਲਾਈਨ ਅਪਲਾਈ ਕਰਨ। ਉਮੀਦਵਾਰ ਵੱਲੋਂ ਫਾਰਮ ਭਰਨ ਲਈ ਕਿਸੇ ਹੋਰ ਵਿਅਕਤੀ/ਸਾਈਬਰ ਕੈਫੇ ਅਟੈਂਡੈਂਟ ਦੀ ਮੱਦਦ ਲੈਣ ਦੀ ਸਥਿਤੀ ਵਿੱਚ ਕੋਈ ਵੀ ਗਲਤੀ ਹੋ ਜਾਣ ਉਪਰੰਤ ਕਿਸੇ ਵੀ ਹਾਲਤ ਵਿੱਚ ਫਾਰਮ ਦੇ ਕਿਸੇ ਵੀ ਕਾਲਮ ਵਿੱਚ ਸੋਧ ਨਹੀਂ ਕੀਤੀ ਜਾਵੇਗੀ।

(ix) ਉਮੀਦਵਾਰ ਵੱਲੋਂ ਅਧੂਰਾ ਫਾਰਮ ਭਰਨ ਜਾਂ ਆਨਲਾਈਨ ਬਿਨੈ ਕਰਨ ਦੀ ਪ੍ਰਕਿਰਿਆ ਪੂਰੀ ਨਾ ਕਰਨ ਜਾਂ ਪੂਰੀ ਫੀਸ ਨਾ ਭਰ ਸਕਣ ਜਾਂ ਲੋੜੀਂਦੇ ਦਸਤਾਵੇਜ਼ ਅਪਲੋਡ ਨਾ ਕਰਨ ਦੀ ਸਥਿਤੀ ਵਿੱਚ ਉਸਦਾ ਬਿਨੈ-ਪੱਤਰ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਉਸਨੂੰ ਇਨ੍ਹਾਂ ਅਸਾਮੀਆਂ ਲਈ ਉਮੀਦਵਾਰ ਨਹੀਂ ਮੰਨਿਆ ਜਾਵੇਗਾ।

(x) ਆਨਲਾਈਨ ਅਪਲਾਈ ਕਰਨ ਸਮੇਂ ਉਮੀਦਵਾਰ ਦਰਸਾਈਆਂ ਹਦਾਇਤਾਂ ਮੁਤਾਬਕ ਲੋੜੀਂਦੇ ਸਰਟੀਫਿਕੇਟ ਸਕੈਨ ਕਰਕੇ ਵੈੱਬਸਾਈਟ ਤੇ ਨਾਲ ਹੀ ਅਪਲੋਡ ਕਰਨਗੇ।

(xi) ਉਮੀਦਵਾਰਾਂ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਭਰਤੀ ਸਬੰਧੀ ਹਰ ਤਰ੍ਹਾਂ ਦੀ ਜਾਣਕਾਰੀ ਜਿਵੇਂ ਕਿ ਲਿਖਤੀ ਪ੍ਰਿਖਿਆ ਦਾ ਸ਼ਡਿਊਲ/ਮਿਤੀ, Admit Card, ਨਤੀਜਾ, Merit List, ਕਾਊਂਸਲਿੰਗ ਅਤੇ ਹੋਰ ਮਹੱਤਵਪੂਰਨ ਮਿਤੀਆਂ ਅਤੇ ਭਰਤੀ ਪ੍ਰਕਿਰਿਆ ਸਬੰਧੀ ਭਵਿੱਖ ਵਿੱਚ ਸਮੇਂ-ਸਮੇਂ ਤੇ ਜਾਰੀ ਹੋਣ

Telegram - Daily Job Alert Punjab

ਵਾਲੀ ਹਰ ਤਰ੍ਹਾਂ ਦੀ ਜਾਣਕਾਰੀ/ਨੋਟਿਸ/ਤਬਦੀਲੀ ਸਿਰਫ ਬੋਰਡ ਦੀ ਵੈੱਬਸਾਈਟ ਤੇ ਹੀ ਅਪਲੋਡ (upload) ਕੀਤੀ ਜਾਵੇਗੀ। ਇਸ ਸਬੰਧੀ ਉਮੀਦਵਾਰਾਂ ਨੂੰ ਵੱਖਰੇ ਤੌਰ ਤੇ ਕੋਈ ਸੂਚਨਾ ਨਹੀਂ ਭੇਜੀ ਜਾਵੇਗੀ। ਸੋ ਜਦ ਤੱਕ ਭਰਤੀ ਪ੍ਰਕਿਰਿਆ ਮੁਕੰਮਲ ਨਹੀਂ ਹੋ ਜਾਂਦੀ ਤਦ ਤੱਕ ਉਮੀਦਵਾਰਾਂ ਨੂੰ Updates ਲਈ ਬੋਰਡ ਦੀ ਵੈੱਬਸਾਈਟ ਲਾਜ਼ਮੀ ਤੌਰ ਤੇ ਲਗਾਤਾਰ ਚੈੱਕ ਕਰਦੇ ਰਹਿਣਾ ਹੋਵੇਗਾ। ਅਜਿਹਾ ਨਾ ਕਰਨ ਦੀ ਸਥਿਤੀ ਵਿੱਚ ਉਮੀਦਵਾਰਾਂ ਨੂੰ ਹੋਣ ਵਾਲੇ ਕਿਸੇ ਵੀ ਨੁਕਸਾਨ ਦੀ ਜਿੰਮੇਵਾਰੀ ਅਧੀਨ ਸੇਵਾਵਾਂ ਚੋਣ ਬੋਰਡ ਦੀ ਨਹੀਂ ਹੋਵੇਗੀ ਅਤੇ ਨਾ ਹੀ ਇਸ ਸਬੰਧੀ ਕੋਈ ਸੁਣਵਾਈ ਦਾ ਮੌਕਾ ਦਿੱਤਾ ਜਾਵੇਗਾ।

(xii) ਉਮੀਦਵਾਰ ਸ਼੍ਰੇਣੀ ਅਤੇ ਇਸਦੇ ਕੋਡ ਦਾ ਧਿਆਨ ਰੱਖਦੇ ਹੋਏ ਆਨਲਾਈਨ ਫਾਰਮ ਧਿਆਨ ਨਾਲ ਭਰਨ ਕਿਉਂਕਿ ਕਿਸੇ ਵੀ ਸਟੇਜ ਤੇ ਸ਼੍ਰੇਣੀ ਅਤੇ ਸ਼੍ਰੇਣੀ-ਕੋਡ ਤਬਦੀਲ ਨਹੀਂ ਕੀਤਾ ਜਾ ਸਕੇਗਾ।

(xiii) ਵੱਖ-ਵੱਖ ਵਰਗਾਂ/ਸ਼੍ਰੇਣੀਆਂ ਦੀਆਂ ਅਸਾਮੀਆਂ ਉਸ ਵਰਗ/ਸ਼੍ਰੇਣੀ ਵਿੱਚ ਅਸਾਮੀਆਂ ਦੀ ਉਪਲੱਬਤਾ ਅਨੁਸਾਰ ਭਰੀਆਂ ਜਾਣਗੀਆਂ।

(xiv) ਆਨਲਾਈਨ ਅਪਲਾਈ ਕਰਨ ਜਾਂ ਮੈਰਿਟ ਸੂਚੀ ਵਿੱਚ ਨਾਮ ਆਉਣ ਜਾਂ ਕਾਉਂਸਲਿੰਗ ਲਈ ਬੁਲਾਏ ਜਾਣ ਨਾਲ ਉਮੀਦਵਾਰ ਅਸਾਮੀ ਲਈ ਸਿਫਾਰਸ਼ ਹੋਣ ਦਾ ਅਧਿਕਾਰੀ ਨਹੀਂ ਬਣ ਜਾਵੇਗਾ। ਲਿਖਤੀ ਪ੍ਰੀਖਿਆ ਪਾਸ ਕਰਨ ਅਤੇ ਅਸਾਮੀ ਲਈ ਹਰ ਲੋੜੀਂਦੀ ਯੋਗਤਾ ਪੂਰੀ ਕਰਨ ਤੇ ਅਸਾਮੀਆਂ ਦੀ ਉਪਲਬਧਤਾ ਮੁਤਾਬਕ ਹੀ ਉਮੀਦਵਾਰ ਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤਾ ਜਾਵੇਗਾ। ਤੈਅ ਸਮੇਂ-ਸੀਮਾ ਅੰਦਰ ਆਪਣੀ ਯੋਗਤਾ ਸਿੱਧ ਨਾ ਕਰ ਸਕਣ ਦੀ ਸਥਿਤੀ ਵਿੱਚ ਉਮੀਦਵਾਰ ਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ ਅਤੇ ਇਸ ਸਬੰਧੀ ਬੋਰਡ ਵੱਲੋਂ ਲਿਆ ਗਿਆ ਫੈਸਲਾ ਅੰਤਿਮ ਹੋਵੇਗਾ।

(xv) ਉਮੀਦਵਾਰ ਵੱਲੋਂ ਭਰਤੀ ਦੀ ਕਿਸੇ ਵੀ ਸਟੇਜ ਤੇ ਉਪਲਬਧ ਕਰਵਾਏ ਗਏ ਕਿਸੇ ਵੀ ਦਸਤਾਵੇਜ ਦੇ ਗਲਤ ਸਾਬਤ ਹੋਣ ਤੇ ਉਸਦਾ ਨਾਮ ਮੈਰਿਟ ਸੂਚੀ ਵਿੱਚੋਂ ਕੱਢ ਦਿੱਤਾ ਜਾਵੇਗਾ ਅਤੇ ਉਸਦੀ ਪਾਤਰਤਾ ਰੱਦ ਕਰ ਦਿੱਤੀ ਜਾਵੇਗੀ। ਅਜਿਹੇ ਉਮੀਦਵਾਰ ਵਿਰੁੱਧ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਵੀ ਆਰੰਭੀ ਜਾ ਸਕਦੀ ਹੈ।

(xvi) ਉਮੀਦਵਾਰ ਇਹ ਵੀ ਤਸਦੀਕ ਕਰਨਗੇ ਕਿ ਉਹ ਉਪਰੋਕਤ ਅਸਾਮੀਆਂ ਸਬੰਧੀ ਲੋੜੀਂਦੀ ਯੋਗਤਾ ਅਤੇ ਨਿਰਧਾਰਤ ਸ਼ਰਤਾਂ ਪੂਰੀਆਂ ਕਰਦਾ ਹੈ। ਉਮੀਦਵਾਰ ਵੱਲੋਂ ਕਾਉਂਸਲਿੰਗ ਸਮੇਂ ਅਸਲ ਦਸਤਾਵੇਜ ਦੇ ਆਧਾਰ ਤੇ ਉਮਰ, ਵਿੱਦਿਅਕ ਯੋਗਤਾ ਅਤੇ ਲੋੜੀਂਦੇ ਦਸਤਾਵੇਜ ਸਬੰਧੀ ਤਸਦੀਕ ਕਰਨੀ ਹੋਵੇਗੀ ਅਤੇ ਆਪਣੇ ਰਾਖਵਾਂਕਰਨ ਦੇ ਸਰਟੀਫਿਕੇਟ ਵੀ ਪੇਸ਼ ਕਰਨੇ ਹੋਣਗੇ। ਇਨ੍ਹਾਂ ਦਸਤਾਵੇਜਾਂ ਦੇ ਹਰ ਪੱਖੋਂ ਸਹੀ ਸਿੱਧ ਹੋਣ ਅਤੇ ਲੋੜੀਂਦੀਆਂ ਸ਼ਰਤਾਂ/ਯੋਗਤਾਵਾਂ ਪੂਰੀਆਂ ਕਰਨ, ਉਸਦੀ ਪਾਤਰਤਾ ਸਿੱਧ ਹੋਣ ਅਤੇ ਅਸਾਮੀਆਂ ਦੀ ਉਪਲਬਧਤਾ ਹੋਣ ਦੀ ਸਥਿਤੀ ਵਿੱਚ ਹੀ ਉਮੀਦਵਾਰ ਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕੀਤਾ ਜਾਵੇਗਾ।

(xvii) ਉਮੀਦਵਾਰ ਕਾਉਂਸਲਿੰਗ ਸਮੇਂ ਲੋੜੀਂਦੀ ਵਿੱਦਿਅਕ ਯੋਗਤਾ ਅਤੇ ਤਕਨੀਕੀ ਯੋਗਤਾ ਨਾਲ ਸਬੰਧਤ ਆਪਣੇ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਪੇਸ਼ ਕਰਨਗੇ। ਇਹ ਸਾਰੇ ਦਸਤਾਵੇਜ਼ ਅਪਲਾਈ ਕਰਨ ਦੀ ਅੰਤਿਮ ਮਿਤੀ ਤੋਂ ਪਹਿਲਾਂ ਦੇ ਹੋਣੇ ਚਾਹੀਦੇ ਹਨ। ਕਾਉਂਸਲਿੰਗ ਸਮੇਂ ਕਿਸੇ ਵੀ ਲੋੜੀਂਦੇ ਦਸਤਾਵੇਜ ਦੀ ਅਣਹੋਂਦ ਵਿੱਚ ਉਮੀਦਵਾਰ ਨੂੰ ਉਪਰੋਕਤ ਅਸਾਮੀਆਂ ਲਈ ਨਹੀਂ ਵਿਚਾਰਿਆ ਜਾਵੇਗਾ ਅਤੇ ਮੈਰਿਟ ਲਿਸਟ ਵਿੱਚ ਮੌਜੂਦ ਅਗਲੇ ਯੋਗ ਉਮੀਦਵਾਰ ਨੂੰ ਵਿਚਾਰਦੇ ਹੋਏ ਉਸਦਾ ਨਾਮ ਸਬੰਧਤ ਵਿਭਾਗ ਨੂੰ ਸਿਫਾਰਸ਼ ਕਰ ਦਿੱਤਾ ਜਾਵੇਗਾ।

Telegram - Daily Job Alert Punjab

(xviii) ਲਿਖਤੀ ਪ੍ਰਿਖਿਆ/ਕਾਉਂਸਲਿੰਗ ਲਈ ਆਉਣ ਵਾਲੇ ਉਮੀਦਵਾਰਾਂ ਨੂੰ ਕੋਈ ਟੀ.ਏ./ਡੀ.ਏ. ਅਦਾ ਨਹੀਂ ਕੀਤਾ ਜਾਵੇਗਾ।

(xix) ਉਮੀਦਵਾਰ ਦੁਆਰਾ ਇੱਕ ਵਾਰ ਅਦਾ ਕੀਤੀ ਫੀਸ ਬੋਰਡ/ਬੈਂਕ ਦੁਆਰਾ ਕਿਸੇ ਵੀ ਸਥਿਤੀ ਵਿੱਚ ਵਾਪਸ ਨਹੀਂ ਕੀਤੀ ਜਾਵੇਗੀ।

(xx) ਇਸ ਭਰਤੀ ਸਬੰਧੀ ਬੋਰਡ ਦੁਆਰਾ ਭਵਿੱਖ ਵਿੱਚ ਜਾਰੀ ਕੀਤੀ ਕੋਈ ਵੀ ਸੋਧ/ਨੋਟਿਸ/Corrigendum ਜਾਂ ਪੰਜਾਬ ਸਰਕਾਰ ਦੁਆਰਾ ਸਮੇਂ-ਸਮੇਂ ਤੇ ਜਾਰੀ ਹਦਾਇਤਾਂ/ਨਿਯਮ ਇਸ ਭਰਤੀ ਤੇ ਲਾਗੂ ਹੋਣਗੇ ਅਤੇ ਉਮੀਦਵਾਰ ਇਸਦੀ ਪਾਲਣਾ ਕਰਨੀ ਯਕੀਨੀ ਬਣਾਉਣਗੇ।

(xxi) ਇਸ ਭਰਤੀ ਸਬੰਧੀ ਕਿਸੇ ਵੀ ਤਰ੍ਹਾਂ ਦੀ ਤਬਦੀਲੀ/ਸੋਧ ਕਰਨ ਦਾ ਅਧਿਕਾਰ ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ ਪਾਸ ਰਾਖਵਾਂ ਹੋਵੇਗਾ ਅਤੇ ਕਿਸੇ ਵੀ ਮਾਮਲੇ/ਵਿਸ਼ੇ ਸਬੰਧੀ ਬੋਰਡ ਜਾਂ ਬੋਰਡ ਦੁਆਰਾ ਗਠਿਤ ਕੀਤੀ ਕਮੇਟੀ ਦਾ ਫੈਸਲਾ ਅੰਤਿਮ ਅਤੇ ਸਾਰੇ ਉਮੀਦਵਾਰਾਂ ਤੇ ਲਾਗੂ ਹੋਵੇਗਾ।

(xxii) ਉਪਰੋਕਤ ਦਰਸਾਈਆਂ ਅਸਾਮੀਆਂ ਦੀਆਂ ਸ਼ਰਤਾਂ/ਨਿਯਮ/ਰਾਖਵਾਂਕਰਨ ਸਬੰਧਤ ਵਿਭਾਗ ਦੁਆਰਾ ਮੁਹੱਈਆ ਕਰਵਾਈ ਗਈ ਸੂਚਨਾ/ਜਾਣਕਾਰੀ ਤੇ ਅਧਾਰਿਤ ਹਨ। ਇਸ ਸਬੰਧੀ ਹਰ ਤਰ੍ਹਾਂ ਦੀ ਜਿੰਮੇਵਾਰੀ ਸਬੰਧਤ ਵਿਭਾਗ ਦੀ ਹੋਵੇਗੀ।

(xxiii) ਇਨ੍ਹਾਂ ਅਸਾਮੀਆਂ ਲਈ ਆਨਲਾਈਨ ਬਿਨੈ (Online Apply) ਕਰਨ ਸਬੰਧੀ ਕੋਈ ਮੁਸ਼ਕਲ/ਔਕੜ (Technical issue) ਆਉਣ ਤੇ email ਰਾਹੀਂ **helpsssb.pb@gmail.com** ਤੇ ਸੰਪਰਕ ਕੀਤਾ ਜਾ ਸਕਦਾ ਹੈ।

(xxiv) ਇਸ ਭਰਤੀ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਕਿਸੇ ਵੀ ਕੰਮ-ਕਾਜ ਵਾਲੇ ਦਿਨ 10.00 am ਤੋਂ 04.00 pm ਦਫਤਰ ਦੇ ਟੈਲੀਫੋਨ ਨੰ. 0172-2298000 (Extension No. 5106 and 5107) ਅਤੇ 0172-2298083 ਤੇ ਸੰਪਰਕ ਕੀਤਾ ਜਾ ਸਕਦਾ ਹੈ।

(xxv) ਇਸ ਇਸ਼ਤਿਹਾਰ/ਭਰਤੀ ਸਬੰਧੀ ਜੇਕਰ ਕੋਈ ਤਰੁੱਟੀ ਧਿਆਨ ਵਿੱਚ ਆਉਂਦੀ ਹੈ ਤਾਂ ਉਸ ਨੂੰ ਸੁਧਾਰਨ ਦਾ ਹੱਕ ਬੋਰਡ ਕੋਲ ਰਾਖਵਾਂ ਹੋਵੇਗਾ।

Sd/-

**ਸਥਾਨ: ਐਸ.ਏ.ਐਸ. ਨਗਰ** — **ਸਕੱਤਰ**

**ਮਿਤੀ: 25/06/2025** — **ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

Telegram - Daily Job Alert Punjab

## Annexure-1

***Plan of Written Examination for the Post of Naib Tehsildar***

1. *The Exam will be conducted in MCQ (Multiple Choice Questions) format. OMR sheet will be used for answering the questions.*
2. *The Exam would be of 2 hours duration.*
3. *Pattern of the written competitive examination is as follows:-*

| Sr. No. | Topic | No. of Questions | Marks (Each Question carries 1 mark) | Type of Questions |
|---|---|---|---|---|
| 1 | General Knowledge and Current Affairs, Punjab History and Culture, Logical Reasoning and Mental ability, Punjabi, English, ICT | 120 | 120 | MCQs (Multiple Choice Questions) |
| | Total | 120 | 120 | |

4. There will be negative marking. Each question carries 1 mark. For every wrong answer, 1/4th mark i.e. 0.25 mark would be deducted. The question(s) not attempted will receive no credit or discredit.
5. The distribution of marks/questions in each section is indicative. It may vary slightly.
6. Tentative/Indicative syllabus (which may vary to some extent) for the written examination is annexed as under:

Telegram - Daily Job Alert Punjab

| Sr. No. | Indicative Contents of Syllabus | Weightage (Approx.) |
|---|---|---|
| 1. | ***General Knowledge and Current affairs of National and International importance including:***<br>*(i) Polity issues,*<br>*(ii) Environment issues,*<br>*(iii) Current Affairs,*<br>*(iv) Science and Technology,*<br>*(v) Economic issues,*<br>*(vi) History of India with special reference to Indian freedom struggle movement.*<br>*(vii) Sports,*<br>*(viii) Cinema and Literature.*<br>*(ix) Geography* | *30* |
| 2. | ***Punjab History and Culture:-***<br>*Physical features of Punjab and its ancient history. Social, religious and economic life in Punjab. Development of Language & literature and Arts in Punjab, Social and culture of Punjab during Afgan/Mughal Rule, Bhakti Movement, Sufism, Teachings/History of Sikh Gurus and Saints in Punjab. Adi Granth, Sikh Rulers, Freedom movements of Punjab.* | *20* |
| 3. | ***Logical Reasoning & Mental Ability:***<br>*(i) Logical reasoning, analytical and mental ability.(20 Marks)*<br>*(ii) Basic numerical skills, numbers, magnitudes, percentage, numerical relation appreciation. (05 Marks)*<br>*(iii) Data analysis, Graphic presentation charts, tables, spreadsheets. (05 Marks)* | *30* |
| 4. | ***ਪੰਜਾਬੀ:-***<br>**ਸ਼ੁੱਧ-ਅਸ਼ੁੱਧ, ਸ਼ਬਦਜੋੜ, ਅਗੇਤਰ ਅਤੇ ਪਿਛੇਤਰ, ਸਮਾਨਾਰਥਕ/ਵਿਰੋਧੀਸ਼ਬਦ, ਨਾਂਵ, ਪੜਨਾਂਵ ਅਤੇ ਕਿਰਿਆ ਦੀਆਂ ਕਿਸਮਾਂ ਤੇ ਸਹੀ ਵਰਤੋਂ, ਲਿੰਗ ਅਤੇ ਵਚਨ, ਪੰਜਾਬੀ ਅਖਾਣ ਤੇ ਮੁਹਾਵਰੇ, ਅੰਗਰੇਜੀ ਤੋਂ ਪੰਜਾਬੀ ਅਨੁਵਾਦ ਅਤੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਆਦਿ।** | *15* |
| 5. | ***English:-***<br>*Basic Grammar, Subject and Verb, Adjectives and Adverbs, Synonyms, Antonyms, One Word Substitution, Fill in the Blanks, Correction in Sentences, Idioms and their meanings, Spell Checks, Adjectives, Articles, Prepositions, Direct and Indirect Speech, Active and Passive Voice, Correction in Sentences, etc.* | *15* |
| 6. | ***ICT:-***<br>*Basics of computers, Network & Internet, Use of office productivity tools Word, Excel, Spreadsheet & PowerPoint.* | *10* |
| | **Maximum Marks** | **120** |

Telegram - Daily Job Alert Punjab

## *Annexure-2*

## *Plan of Written Examination for the Post of Inspector Audit*

1. *The Exam will be conducted in MCQ (Multiple Choice Questions) format. OMR sheet will be used for answering the questions.*
2. *The Exam would be of 2 hours duration.*
3. *The Exam will consist of two parts (Part A and Part B) as follows:-*

| Part | Topic | No. of Questions | Marks (Each Question carries 1 mark) | Type of Questions |
|---|---|---|---|---|
| A | General Knowledge and Current Affairs, Punjab History and Culture, Logical Reasoning and Mental ability, Punjabi, English, ICT. | 40 | 40 | MCQs (Multiple Choice Questions) |
| B | Questions from the Subject Syllabus | 80 | 80 | MCQs (Multiple Choice Questions) |
| | Total | 120 | 120 | |

4. There will be negative marking. Each question carries 1 mark. For every wrong answer, 1/4$^{th}$ mark i.e. 0.25 mark would be deducted. The question(s) not attempted will receive no credit or discredit.

5. The distribution of marks/questions in each section is indicative. It may vary slightly.

6. Tentative/Indicative syllabus (which may vary to some extent) for the written examination is annexed as under:

Telegram - Daily Job Alert Punjab

## Part A

| Sr. No. | Indicative Contents of Syllabus | Weightage (Approx.) |
|---|---|---|
| *1.* | ***General Knowledge and Current affairs of National and International importance including:***<br>*(i) Polity issues,*<br>*(ii) Environment issues,*<br>*(iii) Current Affairs,*<br>*(iv) Science and Technology,*<br>*(v) Economic issues,*<br>*(vi) History of India with special reference to Indian freedom struggle movement.*<br>*(vii) Sports,*<br>*(viii) Cinema and Literature.*<br>*(ix) Geography* | *10* |
| *2.* | ***Punjab History and Culture:-***<br>*Physical features of Punjab and its ancient history. Social, religious and economic life in Punjab. Development of Language & literature and Arts in Punjab, Social and culture of Punjab during Afgan/Mughal Rule, Bhakti Movement, Sufism, Teachings/History of Sikh Gurus and Saints in Punjab. Adi Granth, Sikh Rulers, Freedom movements of Punjab.* | *5* |
| *3.* | ***Logical Reasoning & Mental Ability:***<br>*(i) Logical reasoning, analytical and mental ability.(05 Marks)*<br>*(ii) Basic numerical skills, numbers, magnitudes, percentage, numerical relation appreciation. (03 Marks)*<br>*(iii) Data analysis, Graphic presentation charts, tables, spreadsheets. (02 Marks)* | *10* |
| *4.* | ***ਪੰਜਾਬੀ:-***<br>**ਸ਼ੁੱਧ-ਅਸ਼ੁੱਧ, ਸ਼ਬਦਜੋੜ, ਅਗੇਤਰ ਅਤੇ ਪਿਛੇਤਰ, ਸਮਾਨਾਰਥਕ/ਵਿਰੋਧੀਸ਼ਬਦ, ਨਾਂਵ, ਪੜਨਾਂਵ ਅਤੇ ਕਿਰਿਆ ਦੀਆਂ ਕਿਸਮਾਂ ਤੇ ਸਹੀ ਵਰਤੋਂ, ਲਿੰਗ ਅਤੇ ਵਚਨ, ਪੰਜਾਬੀ ਅਖਾਣ ਤੇ ਮੁਹਾਵਰੇ, ਅੰਗਰੇਜੀ ਤੋਂ ਪੰਜਾਬੀ ਅਨੁਵਾਦ ਅਤੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਆਦਿ।** | *5* |
| *5.* | ***English:-***<br>*Basic Grammar, Subject and Verb, Adjectives and Adverbs, Synonyms, Antonyms, One Word Substitution, Fill in the Blanks, Correction in Sentences, Idioms and their meanings, Spell Checks, Adjectives, Articles, Prepositions, Direct and Indirect Speech, Active and Passive Voice, Correction in Sentences, etc.* | *5* |
| *6.* | ***ICT:-***<br>*Basics of computers, Network & Internet, Use of office productivity tools Word, Excel, Spreadsheet & PowerPoint.* | *5* |
| | **Maximum Marks** | **40** |

Telegram - Daily Job Alert Punjab

## Part B

### (Subject Syllabus)

**Financial Accounting :-**

Meaning, Scope and Importance, Branches of Accounting,

Accounting Concepts and Conventions, Double Entry System, Preparation of Journal, Subsidiary Books including Cash Book.

Ledger, Trial Balance, Preparation of Final Accounts of Sole Traders and Partnership Firm. Distinction between Capital and Revenue items, Depreciation Methods and Accounting including AS-6. Bank Reconciliation Statement. Accounts relating to Partnership: Admission, Retirement and Death of a Partner, Dissolution of Partnership, Amalgamation of Firms, Sale of Firm to a Company, Gradual Realisation of Assets and Piece Meal Distribution. Consignment Accounts: Accounting treatment including journal and ledger in the books of consignor and consignee.

Joint Venture: Methods of maintaining Joint Venture Accounts.

E-Accounting: Meaning, Features, Advantages and Disadvantages of Computerized Accounting, Financial Accounting Package - Tally. ERP 9.0: Introduction , Phases of implementation, Configuring Tally, Accounts Management with TALLY.ERP 9.0 Package: Accounts Masters including creating and altering vouchers, Accounts transactions and preparing Trial Balance and Final Accounts.

Corporate Accounting as per the Companies Act, 2013: Issue, forfeiture and reissue of shares; Redemption of preference shares; Issue and redemption of debentures; Issue of bonus shares and right shares; Underwriting of shares and debentures; Accounts of underwriters. Final Accounts of companies including computation of managerial remuneration and disposal of profit; Profit prior to and after incorporation; Consolidated Statements of holding companies with one subsidiary only. Amalgamation, absorption, merger and reconstruction, Accounting for amalgamation of companies as per Indian Accounting Standard 14; Accounting for internal reconstruction; Liquidation Accounts. Management Accounting Management Accounting : Meaning, Definition, Nature, Objectives, Scope and Functions of Management Accounting, Management Accounting and Financial Accounting, Management and Cost Accounting; Role of Management Accounting in decision making; Management Accounting Tools; Advantages and Limitations of Management Accounting. Financial

Telegram - Daily Job Alert Punjab

Statements: Concept, Nature, Objectives of Financial Statements, Types of Financial Statements; Limitations of Financial Statements; Analysis and Interpretation of Financial Statements: Techniques of Financial Statements Analysis; Comparative Statements, Common size statements, and Trend analysis. Ratio analysis : Meaning and significance of Ratio analysis, Classification and interpretation of Ratios- Liquidity ratios, Turnover ratios, , Solvency ratios and Profitability ratios; Advantages and Limitations of Accounting Ratios. Fund Flow Analysis : Concept of Funds, Sources and Uses of Funds, Managerial uses of Funds Flow Analysis, Statement of Changes in working Capital, Funds Flow Statement. Cash Flow Analysis : Indian Accounting Standard – 3, Cash Flow Statement.

**Cost Accounting :-**

Meaning, Objectives, Advantages and Limitations of Cost Accounting, Importance of Cost Accounting to Business Concern. Cost concepts and classification; Preparation of cost sheet.

**Accounting for Material :** Concept, objectives and techniques of Material Control, Accounting and Control of Purchase, Storage and Issue of Materials; Methods of pricing material issues; Treatment of Material Losses. Accounting for Labour : Labour cost control procedure; Labour turnover; Idle time and overtime; Methods of wage payment; Time and piece rates; Essentials of a good wage plan, Incentive schemes: Taylor's differential piece rate system, Halsey plan, Rowan Plan; Fringe benefits. Accounting for Overheads: Meaning, Classification of Overheads: Element-wise, Functional and Behavioral; Allocation and Apportionment of overheads; Absorption of overheads; Determination of overhead rates; Under and over absorption and its treatment; Treatment of special items of overheads like interest, depreciation, packing expenses, carriage expenses, machinery erection, tools, R&D, advertisement etc . CVP Analysis: Introduction, Assumptions and Uses; Break-Even Analysis: BreakEven Point, Margin of Safety and Maintaining a desired level of profit; Graphical presentation of CVP Relationship.

**Marginal Costing and Management Decisions -** Marginal Costing vis-à-vis Absorption Costing; Marginal as a tool for decision making; Marginal Costing Techniques; Marginal Cost and Product Pricing; Change of Product Mix; Make or Buy Decisions; Exploring new markets; Shut Down Decisions. Budgeting for Profit Planning and Control: Meaning of Budget and Budgetary control;

Telegram - Daily Job Alert Punjab

Objectives; Merits and Limitations; Types of Budgets; Preparation of Functional Budgets; Fixed and Flexible Budgeting; Control ratios; Zero Base Budgeting; Performance Budgeting; Responsibility Accounting. Standard Costing and Variance Analysis: Meaning of Standard Cost and Standard Costing; Advantages and Application; Variance analysis: Material, Labour and Overhead Variances (two-way analysis).

*********

Telegram - Daily Job Alert Punjab